# ਪਾਠ 21 ਪ੍ਰੈਸੀ ਜਾਂ ਸੰਖੇਪ ਰਚਨਾ

## ਪਾਠ ਦੀ ਰੂਪ-ਰੇਖਾ


21.0 ਮਨੋਰਥ
21.1 ਭੂਮਿਕਾ
21.2 ਪ੍ਰੈਸੀ ਦੇ ਅਰਥ
21.3 ਪ੍ਰੈਸੀ ਦੀ ਅਣਸਿੱਖੀ ਵਰਤੋਂ
21.4 ਪ੍ਰੈਸੀ ਦੀ ਸਿਖਲਾਈ
21.5 ਫ਼ਾਲਤੂ ਅੰਸ਼ਾਂ ਦੀ ਪਛਾਣ
21.5.1 ਸਾਹਿੱਤਕ ਸਜਾਵਟ
21.5.2 ਫਾਲਤੂ ਅੰਸ਼ ਦੀ ਦੂਜੀ ਵੰਨਗੀ ਹੈ 'ਦੁਹਰਾਓ'
21.6 ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ
21.7 ਪ੍ਰੈਸੀ ਬਾਰੇ ਕੁੱਝ ਜ਼ਰੂਰੀ ਨੁਕਤੇ
21.8 ਵਾਰਤਾ ਜਾਂ ਕਹਾਣੀ ਦਾ ਸੰਖੇਪ
21.9 ਦਲੀਲ-ਲੜੀ ਜਾਂ ਵਿਚਾਰ-ਲੜੀ ਦੀ ਪ੍ਰੈਸੀ
21.10 ਪਾਤਰ ਦਾ ਸੰਖੇਪ
21.11 ਬਿਆਨ ਜਾਂ ਵਰਣਨ ਦਾ ਸੰਖੇਪ
21.12 ਗੱਲ-ਬਾਤ ਦੀ ਪ੍ਰੈਸੀ
21.13 ਵਖਿਆਨ ਦਾ ਸੰਖੇਪ
21.14 ਸਾਰ
21.15 ਸਹਾਇਕ ਪੁਸਤਕ
21.16 ਅਭਿਆਸਾਂ ਦੇ ਉੱਤਰ


## 21.0 ਮਨੋਰਥ

ਇਸ ਪਾਠ ਦਾ ਮਨੋਰਥ ਇਹ ਹੈ ਕਿ ਤੁਹਾਨੂੰ ਹਰ ਲਿਖਤ ਵਿੱਚ ਫ਼ਾਲਤੂ ਅੰਸ਼ ਪਛਾਣਨ ਦਾ ਵੱਲ ਆ ਜਾਵੇ ਤਾਂ ਜੋ, ਤੁਸੀਂ ਉਸ ਨੂੰ ਛਾਂਗ ਕੇ ਵੱਡੀ ਗੱਲ ਥੋੜੇ ਸ਼ਬਦਾਂ ਵਿੱਚ ਕਹਿਣ ਜੋਗੇ ਹੋ ਜਾਓ।

## 21.1 ਭੂਮਿਕਾ

ਪੰਜਾਬੀ ਵਿੱਚ ਵਿਹਾਰ ਦਾ ਕੰਮ ਕਰਨਾ ਹੈ ਤਾਂ ਲੰਮੀ ਗੱਲ ਨੂੰ ਛੋਟਾ ਕਰਨ ਦਾ ਵੱਲ ਜ਼ਰੂਰ ਆਉਣਾ ਚਾਹੀਦਾ ਹੈ। ਦਫ਼ਤਰਾਂ ਵਿੱਚ ਸੰਖੇਪ ਕਰ ਕੇ ਨਾ ਲਿਖਿਆ ਜਾਵੇ ਤਾਂ ਹਰ ਫ਼ਾਇਲ ਫ਼ਾਲਤੂ ਸਫ਼ਿਆਂ ਦਾ ਪਲੰਦਾ ਬਣ ਜਾਵੇ। ਇਸ ਲਈ ਸੰਖੇਪੀਕਰਨ ਜਾਂ ਪ੍ਰੈਸੀ ਦੀ ਜੁਗਤ ਸਿੱਖਣੀ ਜ਼ਰੂਰੀ ਹੈ। ਇਸ ਕੰਮ ਲਈ ਇਸ ਪਾਠ ਨੂੰ ਅੱਗੇ ਦਿੱਤੇ ਭਾਗਾਂ ਵਿੱਚ ਵੰਡਿਆ ਗਿਆ ਹੈ :

ਪ੍ਰੈਸੀ ਦੇ ਅਰਥ; ਪ੍ਰੈਸੀ ਦੀ ਅਣਸਿੱਖੀ ਵਰਤੋਂ; ਪ੍ਰੈਸੀ ਦੀ ਸਿਖਲਾਈ; ਫ਼ਾਲਤੂ ਅੰਸ਼ਾਂ ਦੀ ਪਛਾਣ ('ਸਾਹਿੱਤਕ ਸਜਾਵਟ' ਤੇ 'ਦੁਹਰਾਉ'); ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ; ਕੁੱਝ ਜ਼ਰੂਰੀ ਨੁਕਤੇ; ਕਹਾਣੀ ਦਾ ਸੰਖੇਪ; ਵਿਚਾਰ-ਲੜੀ ਦਾ ਸੰਖੇਪ; ਪਾਤਰ ਦਾ ਸੰਖੇਪ; ਬਿਆਨ ਦਾ ਸੰਖੇਪ; ਗੱਲ-ਬਾਤ ਦਾ ਸੰਖੇਪ; ਵਖਿਆਨ ਦਾ ਸੰਖੇਪ; ਸਾਰੰਸ਼ ਤੇ ਸਹਾਇਕ ਪੁਸਤਕਾਂ। ਇਨ੍ਹਾਂ ਤੋਂ ਅਲਾਵਾ ਅੰਤ ਵਿੱਚ ਅਭਿਆਸਾਂ ਦੇ ਉੱਤਰ ਵੀ ਦਿੱਤੇ ਗਏ ਹਨ।

## 21.2 ਪ੍ਰੈਸੀ ਦੇ ਅਰਥ

ਪ੍ਰੈਸੀ (Precies) ਇੱਕ ਫ਼ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਛਾਂਟੀ ਹੋਈ ਜਾਂ ਕੱਟੀ-ਵੱਢੀ ਗੱਲ'। ਜੇ ਕੋਈ ਲੰਮੇ ਵਖਿਆਨ ਜਾਂ ਵੱਡੀ ਸਾਰੀ ਲਿਖਤ ਨੂੰ ਥੋੜੇ ਸ਼ਬਦਾਂ ਵਿੱਚ ਬਿਆਨ ਕਰ ਦੇਵੇ ਤਾਂ ਕਿਹਾ ਜਾਂਦਾ ਹੈ ਕਿ ਫ਼ਲਾਣੇ ਨੇ ਵਖਿਆਨ ਜਾਂ ਲਿਖਤ ਦੀ 'ਪ੍ਰੈਸੀ' ਬਣਾ ਦਿੱਤੀ ਹੈ। ਪਰ ਕੀ ਕਿਸੇ ਵੱਡੀ ਲਿਖਤ ਨੂੰ ਥੋੜੇ ਸ਼ਬਦਾਂ ਵਿੱਚ ਇਸ ਤਰ੍ਹਾਂ ਸਮੇਟਣਾ ਸੰਭਵ ਹੈ ਕਿ ਉਸ ਵਿਚਲੀ ਕੰਮ ਦੀ ਕੋਈ ਗੱਲ ਉਸ ਦੇ ਸੰਖੇਪ ਰੂਪ ਵਿੱਚੋਂ ਰਹਿ ਨਾ ਜਾਵੇ ? ਇਸ ਦਾ ਉੱਤਰ ਹੈ : ਹਾਂ ਜੀ, ਇਹ ਸੰਭਵ ਹੈ ਤੇ ਇਸ ਨੂੰ ਸੰਭਵ ਬਣਾਉਣਾ ਹੁੰਦਾ ਹੈ 'ਪ੍ਰੈਸੀ' ਨੇ। 'ਪ੍ਰੈਸੀ' ਬਣਾਉਣ ਨੂੰ ਪੰਜਾਬੀ ਵਿੱਚ 'ਸੰਖੇਪੀਕਰਨ' ਕਿਹਾ ਜਾ ਸਕਦਾ ਹੈ।

## 21.3 ਪ੍ਰੈਸੀ ਦੀ ਅਣਸਿੱਖੀ ਵਰਤੋਂ

ਉਂਜ ਤਾਂ 'ਪ੍ਰੈਸੀ' ਜਾਂ 'ਸੰਖੇਪੀਕਰਨ' ਦੀ ਵਰਤੋਂ ਹਰ ਕਿਸੇ ਨੂੰ ਨਿੱਤ ਕਰਨੀ ਪੈਂਦੀ ਹੈ, ਪਰ ਕਰਨ ਵਾਲਿਆਂ ਵਿੱਚੋਂ ਅਨੇਕਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਸਾਨੂੰ ਕਦਮ-ਕਦਮ ਉੱਤੇ ਪ੍ਰੈਸੀਆਂ ਬਣਾਉਣ ਦੀ ਲੋੜ ਪੈਂਦੀ ਹੈ। ਮਿਸਾਲ ਵਜੋਂ, ਬੱਚੇ ਫ਼ਿਲਮ ਵੇਖਣ ਪਿੱਛੋਂ ਘਰ ਆ ਕੇ ਜਦੋਂ ਉਸ ਦੀ ਕਹਾਣੀ ਸੁਣਾਉਂਦੇ ਹਨ ਤਾਂ ਉਸ ਦਾ ਸੰਖੇਪ ਰੂਪ ਹੀ ਪੇਸ਼ ਕਰਦੇ ਹਨ। ਇਸੇ ਤਰ੍ਹਾਂ, ਜਦੋਂ ਕੋਈ ਦਰਸ਼ਕ ਕਿਸੇ ਦੁਰਘਟਨਾ ਦਾ ਹਾਲ ਦੱਸਦਾ ਹੈ ਤਾਂ, ਆਮ ਤੌਰ ਉੱਤੇ, ਵਾਪਰੀ ਹੋਈ ਘਟਨਾ ਦਾ ਸਾਰ ਹੀ ਦੱਸਦਾ ਹੈ। ਫ਼ਿਲਮ ਦੀ ਕਹਾਣੀ ਸੁਣਾਉਣ ਵਾਲੇ ਬੱਚਿਆਂ ਨੇ ਜਾਂ ਦੁਰਘਟਨਾ ਦਾ ਹਾਲ ਦੱਸਣ ਵਾਲੇ ਦਰਸ਼ਕ ਨੇ 'ਪ੍ਰੈਸੀ' ਬਣਾਉਣ ਦਾ ਵੱਲ ਕਿਤੋਂ ਨਹੀਂ ਸਿੱਖਿਆ ਹੁੰਦਾ, ਫੇਰ ਵੀ ਉਹ, ਆਪੋ-ਆਪਣੇ ਤਰੀਕਿਆਂ ਨਾਲ, ਵੱਡੀ ਗੱਲ ਨੂੰ ਛੋਟਾ ਬਣਾ ਕੇ ਦੱਸ ਰਹੇ ਹੁੰਦੇ ਹਨ।

## 21.4 ਪ੍ਰੈਸੀ ਦੀ ਸਿਖਲਾਈ

ਇਹ ਤਾਂ ਹੋਈ ਪ੍ਰੈਸੀ ਦੀ ਅਣਸਿੱਖੀ ਵਰਤੋਂ, ਜੋ ਹਰ ਕੋਈ ਕਰਦਾ ਹੈ, ਪਰ 'ਪ੍ਰੈਸੀ' ਦੀ ਬਾਕਾਇਦਾ ਸਿਖਲਾਈ ਵੀ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਛੋਟੇ-ਵੱਡੇ ਦਫ਼ਤਰ ਵਿੱਚ ਹਰ ਕਰਮਚਾਰੀ ਜਾਂ ਅਧਿਕਾਰੀ ਨੂੰ ਇਸ ਦੀ ਲਿਖਤੀ ਵਰਤੋਂ ਕਰਨੀ ਪੈਂਦੀ ਹੈ। ਇੱਕ ਮਿਸਾਲ ਲਵੋ। ਕਿਸੇ ਵੱਡੇ ਨੇਤਾ ਨੇ ਭਾਸ਼ਣ ਦੇਣਾ ਹੈ ਤੇ ਕਿਸੇ ਪੱਤਰ-ਪ੍ਰੇਰਕ ਨੇ ਇਸ ਭਾਸ਼ਣ ਦੀ ਖ਼ਬਰ ਆਪਣੇ ਅਖ਼ਬਾਰ ਨੂੰ ਭੇਜਣੀ ਹੈ। ਜੇ ਉਹ ਸਾਰੇ ਦਾ ਸਾਰਾ ਭਾਸ਼ਣ, ਜਿਉਂ ਦਾ ਤਿਉਂ ਲਿਖ ਕੇ ਭੇਜ ਦੇਵੇ ਤੇ ਬਦਕਿਸਮਤੀ ਨਾਲ ਉਸ ਦੇ ਅਖ਼ਬਾਰ ਨੂੰ ਉਹ ਸਾਰਾ ਛਾਪਣਾ ਵੀ ਪੈ ਜਾਵੇ ਤਾਂ ਤੁਸੀਂ ਯਕੀਨ ਨਾਲ ਕਹਿ ਸਕਦੇ ਹੋ ਕਿ ਉਸ ਦਿਨ ਦੇ ਅਖ਼ਬਾਰ ਵਿੱਚ ਹੋਰ ਕਿਸੇ ਖ਼ਬਰ ਲਈ ਉੱਕਾ ਕੋਈ ਥਾਂ ਨਹੀਂ ਬਚੇਗੀ। ਇਹੀ ਕਾਰਨ ਹੈ ਕਿ ਖ਼ਬਰਾਂ ਭੇਜਣ ਵਾਲੇ ਅਖ਼ਬਾਰਾਂ ਨੂੰ ਭਾਸ਼ਣਾਂ ਦੇ ਸੰਖੇਪ ਰੂਪ ਹੀ ਭੇਜਦੇ ਹਨ। ਜੇ ਉਹ ਠੀਕ ਸੰਖੇਪ ਰੂਪ ਨਾ ਭੇਜਣ ਤਾਂ ਅਖ਼ਬਾਰ ਦੇ ਦਫ਼ਤਰ ਵਿੱਚ ਬੈਠੇ ਸੰਪਾਦਕਾਂ ਨੂੰ ਉਸ ਰਪੋਟ ਦੀ ਕਾਂਟ-ਛਾਂਟ ਕਰਨੀ ਪੈਂਦੀ ਹੈ। ਸਪਸ਼ਟ ਹੈ ਕਿ ਜਿਸ ਪੱਤਰ-ਪ੍ਰੇਰਕ ਨੇ 'ਪ੍ਰੈਸੀ' ਦਾ ਕੰਮ ਚੰਗੀ ਤਰ੍ਹਾਂ ਸਿੱਖਿਆ ਹੋਇਆ ਹੋਵੇਗਾ, ਅਖ਼ਬਾਰ ਵਾਲੇ ਉਸ ਦੀ ਵਧੇਰੇ ਕਦਰ ਕਰਨਗੇ ਤੇ ਜਿਸ ਨੂੰ ਪ੍ਰੈਸੀ ਦਾ ਵੱਲ ਨਹੀਂ ਆਉਂਦਾ ਹੋਵੇਗਾ, ਉਸ ਦੀ ਕਦਰ ਘੱਟ ਕਰਨਗੇ।

## 21.5 ਫ਼ਾਲਤੂ ਅੰਸ਼ਾਂ ਦੀ ਪਛਾਣ

'ਪ੍ਰੈਸੀ' ਦੇ ਹੁਨਰ ਵਿੱਚ ਪ੍ਰਪੱਕ ਹੋਣ ਲਈ ਸਾਨੂੰ ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਰ ਲਿਖਤ ਵਿੱਚ ਕੁੱਝ ਜ਼ਰੂਰੀ ਅੰਸ਼ ਹੁੰਦੇ ਹਨ ਤੇ ਕੁੱਝ ਫ਼ਾਲਤੂ ਅੰਸ਼। ਫ਼ਾਲਤੂ ਅੰਸ਼ਾਂ ਦੀ ਪਛਾਣ ਆ ਜਾਵੇ ਤਾਂ ਸੰਖੇਪ ਰੂਪ ਬਣਾਉਣ ਦਾ ਕੰਮ ਸੌਖਾ ਹੋ ਜਾਂਦਾ ਹੈ। ਫ਼ਾਲਤੂ ਅੰਸ਼ ਕਈ ਤਰ੍ਹਾਂ ਦੇ ਹੁੰਦੇ ਹਨ, ਪਰ ਏਥੇ ਅਸੀਂ ਤੁਹਾਡੀ ਜਾਣ-ਪਛਾਣ ਇਨ੍ਹਾਂ ਦੀਆਂ ਕੇਵਲ ਦੋ ਸਪਸ਼ਟ ਵੰਨਗੀਆਂ ਨਾਲ ਕਰਵਾਵਾਂਗੇ। ਇੱਕ ਦਾ ਨਾਂ ਹੈ 'ਸਾਹਿੱਤਕ ਸਜਾਵਟ' ਜਾਂ 'ਅਲੰਕਾਰ' ਤੇ ਦੂਜੀ ਦਾ ਨਾਂ ਹੈ 'ਦੁਹਰਾਉ'।

### 21.5.1 ਸਾਹਿੱਤਕ ਸਜਾਵਟ

ਕੀ ਤੁਸੀਂ ਦੱਸ ਸਕਦੇ ਹੋ ਕਿ ਵਿਆਹ ਦੇ ਕੱਪੜਿਆਂ ਉੱਤੇ ਜ਼ਰੀ ਦੀ ਕਢਾਈ ਕਿਉਂ ਕੀਤੀ ਜਾਂਦੀ ਹੈ ?

> ਹਾਂ ਜੀ, ਸਜਾਵਟ ਲਈ ਕੀਤੀ ਜਾਂਦੀ ਹੈ।
> ਕੁੜੀਆਂ ਚੁੰਨੀਆਂ ਉੱਤੇ ਮੁਕੈਸ਼ ਦੇ ਤਾਰੇ ਕਿਉਂ ਕਢਾਉਂਦੀਆਂ ਹਨ ?
> ਸਜਾਵਟ ਲਈ।
> ਮੁਟਿਆਰਾਂ ਗਹਿਣੇ ਕਿਉਂ ਪਾਉਂਦੀਆਂ ਹਨ ?
> ਸਜਾਵਟ ਲਈ।

ਤੁਸੀਂ ਇਹ ਵੀ ਜਾਣਦੇ ਹੋ ਕਿ ਜ਼ਰੀ ਦੀ ਕਢਾਈ ਦੇ ਬਿਨਾਂ ਵੀ ਕੱਪੜੇ ਹੁੰਦੇ ਹਨ। ਮੁਕੈਸ਼ ਦਿਆਂ ਤਾਰਿਆਂ ਤੋਂ ਬਿਨਾਂ ਵੀ ਚੁੰਨੀਆਂ ਹੁੰਦੀਆਂ ਹਨ ਤੇ ਇਸੇ ਤਰ੍ਹਾਂ ਗਹਿਣਿਆਂ ਤੋਂ ਬਿਨਾਂ ਵੀ ਮੁਟਿਆਰਾਂ ਹੁੰਦੀਆਂ ਹਨ। ਬਿਲਕੁਲ ਇਹੀ ਹਾਲ ਸਾਹਿੱਤਿਕ ਲਿਖਤਾਂ ਦਾ ਹੁੰਦਾ ਹੈ : ਉਹ ਸਜਾਵਟ ਵਾਲੀਆਂ ਵੀ ਹੁੰਦੀਆਂ ਹਨ ਤੇ ਸਜਾਵਟ ਤੋਂ ਬਿਨਾਂ ਵੀ। ਮਸਲਨ, ਅੱਗੇ ਲਿਖੇ ਵਾਕਾਂ ਨੂੰ ਧਿਆਨ ਨਾਲ ਪੜ੍ਹੋ।

ੳ) ''ਜਦੋਂ ਸਜੀ-ਸ਼ਿੰਗਾਰੀ ਊਸ਼ਾ ਰਾਣੀ ਸੂਰਜ ਦੇਵਤੇ ਦੀ ਚੋਰ-ਝਾਤੀ ਨੂੰ ਅਨੁਭਵ ਕਰਦੀ ਹੈ ਤਾਂ ਉਸ ਦਾ ਮੂੰਹ ਮੰਨੋ ਗੁਲਾਲ ਨਾਲ ਢੱਕਿਆ ਜਾਂਦਾ ਹੈ।

ਅ) ''ਸਵੇਰੇ ਵੇਲੇ ਸੂਰਜੀ ਕਿਰਨਾਂ ਹਰ ਸ਼ੈ ਉੱਤੇ ਗੁਲਾਲੀ ਰੰਗ ਚਾੜ੍ਹ ਦੇਂਦੀਆਂ ਹਨ।

ਪਹਿਲੀ ਲਿਖਤ ਨੂੰ ਲੇਖਕ ਨੇ ਅਲੰਕਾਰਾਂ ਨਾਲ ਸਜਾਇਆ ਹੈ (ਅਲੰਕਾਰ=ਗਹਿਣਾ)। ਉਸ ਦੇ ਭਾਣੇ ਸਵੇਰ ਇੱਕ ਰਾਣੀ ਹੈ, ਜਿਸ ਦੀ ਸੁੰਦਰਤਾ ਵੱਲ ਸੂਰਜ ਚੋਰੀ-ਚੋਰੀ ਝਾਕਦਾ ਪਿਆ ਹੈ। ਰਾਣੀ ਉਸ ਦੀ ਚੋਰੀ ਫੜ ਲੈਂਦੀ ਹੈ, ਪਰ ਸ਼ਰਮ ਦੇ ਮਾਰੇ ਉਸ ਦਾ ਮੂੰਹ ਲਾਲ ਹੋ ਉੱਠਦਾ ਹੈ। ਦੂਜੀ ਲਿਖਤ ਵਿੱਚ ਗੱਲ ਉਹੀ ਕਹੀ ਹੈ, ਪਰ ਕਹੀ ਹੈ ਅਲੰਕਾਰ ਲਾਹ ਕੇ, ਤੇ ਇਹ ਵੀ ਨਹੀਂ ਕਿ ਅਲੰਕਾਰਾਂ ਦੇ ਲੱਥਣ ਨਾਲ ਅਸਲ ਗੱਲ ਵਿੱਚ ਕੋਈ ਫ਼ਰਕ ਪੈ ਗਿਆ ਹੋਵੇ।

**ਇੱਕ ਹੋਰ ਉਦਾਹਰਣ ਵੇਖੋ** :
ਹੇ ਪਰਮ ਪਿਆਰੀ ! ਕੀ ਤੈਨੂੰ ਪਤੈ ਕਿ ਬਾਗ਼ ਵਿੱਚ ਤੇਰੇ ਪ੍ਰਵੇਸ਼ ਨਾਲ ਸਰੂ ਦਾ ਰੁੱਖ ਸ਼ਰਮ ਦੇ ਮਾਰੇ ਆਪਣਾ ਸਿਰ ਨੀਵਾਂ ਕਰ ਲੈਂਦੈ; ਨਰਗਸ ਦੀ ਅੱਖ ਵਿੱਚ ਹੰਝੂ ਤਰਨ ਲਗ ਪੈਂਦੇ ਨੇ; ਗੁਲਾਬ ਦੀਆਂ ਗੱਲ੍ਹਾਂ ਦਾ ਰੰਗ ਫਿੱਕਾ ਪੈ ਜਾਂਦੈ; ਅੰਮ੍ਰਿਤ ਦੇ ਚਸ਼ਮੇ ਦਾ ਮੂੰਹ ਸੁੱਕ ਜਾਂਦੈ ਅਤੇ ਤੇਰੀਆਂ ਲਹਿਰਾਉਂਦੀਆਂ ਜ਼ੁਲਫ਼ਾਂ ਨੂੰ ਵੇਖ ਕੇ ਆਬਸ਼ਾਰਾਂ ਜ਼ਾਰ-ਜ਼ਾਰ ਰੋਣ ਲੱਗ ਪੈਂਦੀਆਂ ਨੇ।

ਹੁਣ ਜੇ ਕੋਈ ਇਸੇ ਨੂੰ ਇਉਂ ਲਿਖ ਦੇਵੇ।
ਮੇਰੀ ਪਿਆਰੀ !ਤੇਰਾ ਹਰ ਅੰਗ ਸੁੰਦਰਤਾ ਵਿਚ ਆਪਣੀ ਮਿਸਾਲ ਆਪ ਹੈ।

ਤਾਂ ਕੀ ਅਸਲ ਗੱਲ ਨੂੰ ਪ੍ਰਗਟਾਉਣ ਵਿੱਚ ਕੋਈ ਕਸਰ ਰਹਿ ਜਾਵੇਗੀ ? ਨਹੀਂ, ਕੇਵਲ ਫ਼ਾਲਤੂ ਸ਼ਿੰਗਾਰ ਛਾਂਗ ਕੇ ਥੋੜੇ ਸ਼ਬਦਾਂ ਨਾਲ ਕੰਮ ਸਾਰ ਲਿਆ ਗਿਆ ਹੈ, ਅਸਲ ਗੱਲ ਵਿੱਚ ਫ਼ਰਕ ਨਹੀਂ ਪਿਆ।

**ਪਹਿਲਾ ਅਭਿਆਸ**
**ਨੋਟ**: ਹੇਠ ਦਿੱਤੇ ਪ੍ਰਸ਼ਨ ਦਾ ਉੱਤਰ ਖਾਲੀ ਛੱਡੀ ਥਾਂ ਤੇ ਲਿਖਣਾ ਹੈ। ਉੱਤਰ ਅਖ਼ੀਰ ਵਿੱਚ ਵੀ ਦਿੱਤਾ ਹੋਇਆ ਹੈ ਪਰ ਤੁਸੀਂ ਆਪਣਾ ਉੱਤਰ ਲਿਖਣ ਤੋਂ ਪਹਿਲਾਂ ਵੇਖਣਾ ਨਹੀਂ ਹੈ।

**ਪ੍ਰਸ਼ਨ** : ਅੱਗੇ ਦਿੱਤੀ ਲਿਖਤ ਨੂੰ ਫ਼ਾਲਤੂ ਅੰਸ਼ ਤੋਂ ਸਾਫ਼ ਕਰ ਕੇ ਲਿਖੋ:
ਕਸ਼ਮੀਰ ਦੀ ਵਾਦੀ ਵਿੱਚ ਪੈਰ ਧਰਨ ਦੀ ਦੇਰ ਸੀ ਕਿ ਸਾਨੂੰ ਪ੍ਰਤੀਤ ਹੋਇਆ, ਅਸੀਂ ਸੁਰਗ ਵਿੱਚ ਆ ਪਹੁੰਚੇ ਹਾਂ—ਸੜਕ ਦੇ ਦੋਹੀਂ ਪਾਸੀਂ ਦੂਰ ਤਕ ਹਰੀ ਵਰਦੀ ਵਾਲੇ ਚੋਬਦਾਰਾਂ ਦੀ ਤਰ੍ਹਾਂ ਸਿੱਧੇ ਖੜੇ ਰੁੱਖ; ਮਖ਼ਮਲੀ ਫ਼ਰਸ਼ ਦਾ ਭੁਲੇਖਾ ਪਾਉਣ ਵਾਲੇ ਧਾਨ ਦੇ ਖੇਤ; ਨਿੱਕੀਆਂ ਨਿੱਕੀਆਂ ਖਾਲਾਂ ਵਿੱਚ ਪਿਘਲੀ ਹੋਈ ਚਾਂਦੀ ਵਰਗਾ ਲਿਸ਼ਕੋਰਾ-ਮਾਰਦਾ ਪਾਣੀ ਤੇ ਮੁਰਦਿਆਂ ਵਿੱਚ ਜਾਨ ਫੂਕ ਦੇਣ ਵਾਲੀ ਮਿੱਠੀ ਪੌਣ—ਇਹ ਸੁਰਗ ਨਹੀਂ ਤਾਂ ਹੋਰ ਕੀ ਸੀ ?

..................................................................................................................................

..................................................................................................................................

..................................................................................................................................

## 21.5.2 ਫ਼ਾਲਤੂ ਅੰਸ਼ ਦੀ ਦੂਜੀ ਵੰਨਗੀ ਹੈ 'ਦੁਹਰਾਉ'

ਕਈ ਲੇਖਕਾਂ ਦੀ ਆਦਤ ਹੁੰਦੀ ਹੈ ਕਿ ਵਧੇਰੇ ਸਪਸ਼ਟਤਾ ਲਿਆਉਣ ਦੇ ਖ਼ਿਆਲ ਨਾਲ ਜਾਂ ਕਿਸੇ ਗੱਲ ਉੱਤੇ ਵਧੇਰੇ ਬਲ ਦੇ ਕੇ ਇੱਕੋ ਗੱਲ ਨੂੰ ਵੱਖ-ਵੱਖ ਸ਼ਬਦਾਂ ਵਿੱਚ ਵਾਰ-ਵਾਰ ਦੁਹਰਾਉਂਦੇ ਹਨ, ਹਾਲਾਂਕਿ ਗੱਲ ਪਹਿਲਾਂ ਹੀ ਬਥੇਰੀ ਸਪਸ਼ਟ ਹੁੰਦੀ ਹੈ। 'ਪ੍ਰੈਸੀ' ਵਾਸਤੇ, ਇਸ ਤਰ੍ਹਾਂ ਦਾ ਦੁਹਰਾਉ, ਚਾਹੇ ਕਿੰਨਾ ਵੀ ਲੁਭਾਇਮਾਨ ਕਿਉਂ ਨਾ ਹੋਵੇ, ਫ਼ਾਲਤੂ ਹੁੰਦਾ ਹੈ। ਮਿਸਾਲ ਵੇਖੋ :

"ਸਾਰੀ ਰਾਤ, ਨਿਰੰਤਰ, ਬੜਾ ਸਖ਼ਤ ਝੱਖੜ ਝੁੱਲਦਾ ਰਿਹਾ, ਜੋ ਦਿਨ ਚੜ੍ਹਨ ਤਕ ਜਿਉਂ ਦਾ ਤਿਉਂ ਜਾਰੀ ਰਿਹਾ।"

ਤੁਸੀਂ ਸਮਝ ਗਏ ਹੋਵੋਗੇ ਕਿ ਇਸ ਵਾਕ ਵਿੱਚ ਕਾਫ਼ੀ ਦੁਹਰਾਉ ਹੈ। ਮਸਲਨ : ਜਦ 'ਸਾਰੀ ਰਾਤ' ਕਹਿ ਦਿੱਤਾ ਤਾਂ 'ਨਿਰੰਤਰ', ਦੀ ਕੀ ਲੋੜ ਸੀ ? ਇਸੇ ਤਰ੍ਹਾਂ 'ਦਿਨ ਚੜ੍ਹਨ ਦੇ ਪਿੱਛੋਂ ਤਕ ਜਿਉਂ ਦਾ ਤਿਉਂ ਜਾਰੀ ਰਿਹਾ' ਵੀ ਬਿਲਕੁਲ ਫ਼ਾਲਤੂ ਵਾਕ ਹੈ। ਇਸ ਦਾ ਉਹੀ ਮਤਲਬ ਹੈ, ਜੋ ਇਸ ਤੋਂ ਪਹਿਲੇ ਵਾਕ ਵਿੱਚ ਕਿਹਾ ਜਾ ਚੁੱਕਾ ਹੈ। ਸੋ ਦੁਹਰਾਉ ਕੱਟ ਦੇਈਏ ਤਾਂ ਇਹ ਸ਼ਬਦ ਰਹਿ ਜਾਣਗੇ।

"ਝੱਖੜ ਸਾਰੀ ਰਾਤ ਝੁੱਲਦਾ ਰਿਹਾ।"

ਇਹ ਇੱਕ ਵੱਡੇ ਵਾਕ ਦਾ ਬੜਾ ਸੁਹਣਾ ਸੰਖੇਪ ਰੂਪ ਬਣ ਗਿਆ ਹੈ। ਇੱਕ ਹੋਰ ਉਦਾਹਰਣ ਵੇਖੋ :

"ਇਸ ਸਰੋਵਰ ਨੂੰ ਕੇਵਲ ਕਲਬ ਦੇ ਮੈਂਬਰ ਹੀ ਵਰਤ ਸਕਦੇ ਹਨ ਤੇ ਬਾਹਰਲੇ ਕਿਸੇ ਬੰਦੇ ਨੂੰ ਇਸ ਦੇ ਅੰਦਰ ਜਾਣ ਦੀ ਆਗਿਆ ਨਹੀਂ ਹੈ।"

ਇਸ ਵਾਕ ਵਿੱਚ ਜਦ 'ਕੇਵਲ' ਆ ਗਿਆ ਹੈ ਤਾਂ "ਤੇ ਬਾਹਰਲੇ ਕਿਸੇ ਬੰਦੇ ਨੂੰ ਇਸ ਅੰਦਰ ਜਾਣ ਦੀ ਆਗਿਆ ਨਹੀਂ ਹੈ।" ਵਾਲਾ ਵਾਕ ਬਿਲਕੁਲ ਫ਼ਾਲਤੂ ਬਣ ਜਾਂਦਾ ਹੈ। ਸੋ ਫ਼ਾਲਤੂ ਅੰਸ਼ ਤੋਂ ਬਿਨਾਂ ਇਹ ਵਾਕ ਇਉਂ ਬਣੇਗਾ :

"ਇਸ ਸਰੋਵਰ ਨੂੰ ਕੇਵਲ ਮੈਂਬਰ ਵਰਤ ਸਕਦੇ ਹਨ।" ਜਾਂ "ਇਹ ਤਲਾ ਕੇਵਲ ਮੈਂਬਰਾਂ ਲਈ ਹੈ।"

**ਦੂਜਾ ਅਭਿਆਸ**
**ਨੋਟ** : ਹੇਠ ਦਿੱਤੇ ਪ੍ਰਸ਼ਨ ਦਾ ਉੱਤਰ ਖ਼ਾਲੀ ਥਾਂ ਤੇ ਲਿਖਣਾ ਹੈ, ਉੱਤਰ ਅਖ਼ੀਰ ਵਿੱਚ ਵੀ ਦਿੱਤਾ ਹੋਇਆ ਹੈ ਪਰ

ਤੁਸੀਂ ਆਪਣਾ ਉੱਤਰ ਲਿਖਣ ਤੋਂ ਪਹਿਲਾਂ ਵੇਖਣਾ ਨਹੀਂ ਹੈ।

ਪ੍ਰਸ਼ਨ : ਅਗਲੀ ਲਿਖਤ ਵਿੱਚੋਂ ਦੁਹਰਾਉ ਛਾਂਗ ਕੇ ਇਸ ਦਾ ਸੰਖੇਪ ਰੂਪ ਲਿਖੋ :

ਇਹ ਸੰਭਵ ਹੈ ਕਿ ਅਸੀਂ ਉਸ ਸਮੱਸਿਆ ਦਾ ਹੱਲ ਲੱਭ ਲਈਏ, ਜਿਸ ਦੇ ਹੱਲ ਲਈ ਨੇਤਾ ਲੋਕ ਤੇ ਵਿਦਵਾਨ ਪਿਛਲੇ ਸਮਿਆਂ ਵਿੱਚ ਜ਼ੋਰ ਤਾਂ ਬਹੁਤ ਲਾਉਂਦੇ ਰਹੇ, ਪਰ ਸਫ਼ਲ ਨਾ ਹੋ ਸਕੇ ਅਤੇ ਜੋ ਸਭ ਦੇ ਰਲਵੇਂ ਹੰਭਲਿਆਂ ਨੂੰ ਪਛਾਣ ਕੇ ਵੱਲ ਹੋਣ ਦਾ ਨਾਂ ਨਹੀਂ ਲੈਂਦੀ ਰਹੀ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 21.6 ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

ਫ਼ਾਲਤੂ ਸ਼ਬਦਾਂ ਦੀ ਭਰਤੀ ਦੀਆਂ ਦੋ ਆਮ ਜੁਗਤਾਂ, 'ਅਲੰਕਾਰ' ਤੇ ਦੁਹਰਾਉਣ' ਬਾਰੇ ਤੁਹਾਨੂੰ ਪਤਾ ਲੱਗ ਚੁੱਕਾ ਹੈ। ਇਹੋ ਜਿਹੀਆਂ ਹੋਰ ਵੀ ਬੜੀਆਂ ਜੁਗਤਾਂ ਹਨ, ਜਿਨ੍ਹਾਂ ਨਾਲ ਲੇਖਕ ਆਪਣੀਆਂ ਲਿਖਤਾਂ ਵਿੱਚ ਫ਼ਾਲਤੂ ਸ਼ਬਦ ਭਰਦੇ ਹਨ, ਪਰ ਜੇ ਤੁਸੀਂ ਇਸ ਪਾਠ ਦੇ ਅਗਲੇ ਭਾਗ ਵੱਲ ਪੂਰਾ ਧਿਆਨ ਦਿੱਤਾ ਤਾਂ ਕਈ ਤਰ੍ਹਾਂ ਦੀ ਫ਼ਾਲਤੂ ਭਰਤੀ ਦੀ ਪਛਾਣ ਤੁਹਾਨੂੰ ਆਪਣੇ ਆਪ ਆ ਜਾਵੇਗੀ। ਓਨੀ ਦੇਰ ਤੁਸੀਂ ਸੰਖੇਪੀਕਰਨ ਦੀ ਇੱਕ ਹੋਰ ਤਰ੍ਹਾਂ ਦੀ ਸੌਖੀ ਤੇ ਸੁਆਦਲੀ ਜੁਗਤ ਵੱਲ ਧਿਆਨ ਦਿਓ:

ੳ) 'ਬਹੁਤ ਜ਼ਿਆਦਾ ਖਾਣ ਵਾਲਾ : ਕਹਿਣ ਦੀ ਥਾਂ ਜੇ ਕੇਵਲ 'ਪੇਟੂ' ਕਹਿ ਲਿਆ ਜਾਵੇ ਤਾਂ ਪੂਰਾ ਕੰਮ ਸਰ ਜਾਂਦਾ ਹੈ ਕਿ ਨਹੀਂ ?
ਸਰ ਜਾਂਦਾ ਹੈ।

ਅ) 'ਮੋਟੇ ਢਿੱਡ ਵਾਲਾ : ਕਹਿਣ ਦੀ ਥਾਂ 'ਢਿੱਡਲ' ਕਹਿ ਕੇ ਕੰਮ ਸਾਰ ਸਕਦੇ ਹਾਂ ਕਿ ਨਹੀਂ ?
ਸਾਰ ਸਕਦੇ ਹਾਂ।

ੲ) ਜਿਸ ਬੰਦੇ ਕੋਲ ਘੱਟ ਤੋਂ ਘੱਟ ਇੱਕ ਲੱਖ ਰੁਪੈ ਹੋਣ, ਉਸ ਲਈ 'ਲੱਖਪਤੀ' ਸ਼ਬਦ ਵਰਤਿਆ ਜਾ ਸਕਦਾ ਹੈ ਕਿ ਨਹੀਂ ?
ਵਰਤਿਆ ਜਾ ਸਕਦਾ ਹੈ।

ਸ) 'ਪਤੀ ਦਾ ਛੋਟਾ ਭਰਾ' ਦੀ ਥਾਂ 'ਦਿਉਰ' ਕਹਿ ਲਈਏ ਤਾਂ ਕੋਈ ਫ਼ਰਕ ਪੈਂਦਾ ਹੈ ਕਿ ਨਹੀਂ ?
ਕੋਈ ਫ਼ਰਕ ਨਹੀਂ ਪੈਂਦਾ।

ਹ) 'ਪਹਿਲਵਾਨਾਂ ਦੇ ਘੋਲ ਦੀ ਥਾਂ' ਤੇ 'ਅਖਾੜਾ' ਸ਼ਬਦ ਇੱਕੋ ਅਰਥ ਦਿੰਦੇ ਹਨ ?
ਹਾਂ ਜੀ, ਇੱਕੋ ਅਰਥ ਦੇਂਦੇ ਹਨ।

ਕ) 'ਪਤੀ ਦੇ ਵੱਡੇ ਭਰਾ ਦੀ ਵਹੁਟੀ' ਵਾਲੇ ਅਰਥਾਂ ਵਿੱਚ 'ਜਿਠਾਣੀ' ਸ਼ਬਦ ਵਰਤਿਆ ਜਾਂਦਾ ਹੈ ਕਿ ਨਹੀਂ ?
ਵਰਤਿਆ ਜਾਂਦਾ ਹੈ।

ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਤੁਹਾਨੂੰ ਇਸ ਤਰ੍ਹਾਂ ਦੇ ਅਨੇਕ ਸ਼ਬਦ ਆਉਂਦੇ ਹਨ। ਸਪਸ਼ਟ ਹੈ ਕਿ ਲਿਖਤ ਨੂੰ ਸੰਖੇਪ ਬਣਾਉਣ ਵਿੱਚ ਇਸ ਤਰ੍ਹਾਂ ਦੇ ਸ਼ਬਦ ਬਹੁਤ ਸਹਾਇਕ ਹੁੰਦੇ ਹਨ। ਤੁਹਾਨੂੰ ਇਸ ਤਰ੍ਹਾਂ ਦੇ ਸ਼ਬਦਾਂ ਦੀਆਂ ਸੂਚੀਆਂ ਬਣਾ ਕੇ ਆਪਣੇ ਪਾਸ ਰੱਖਣੀਆਂ ਚਾਹੀਦੀਆਂ ਹਨ।

**ਤੀਜਾ ਅਭਿਆਸ**

**ਨੋਟ** : ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਖ਼ਾਲੀ ਥਾਵਾਂ ਤੇ ਲਿਖਣੇ ਹਨ। ਆਪਣੇ ਉੱਤਰਾਂ ਨੂੰ ਲਿਖਣ ਮਗਰੋਂ ਹੀ ਦਿੱਤੇ ਉੱਤਰਾਂ ਨਾਲ ਮੇਲ ਕੇ ਵੇਖਣਾ ਹੈ।

ਪ੍ਰਸ਼ਨ : 1 ਪੰਜ ਰਿਸ਼ਤਿਆਂ ਦਾ ਵਿਸਤਾਰ ਦੱਸ ਕੇ ਉਨ੍ਹਾਂ ਲਈ ਇੱਕ ਇੱਕ ਸ਼ਬਦ ਦੱਸੋ।
ਜਿਵੇਂ : ਪਤੀ ਦੀ ਮਾਂ - ਸੱਸ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਅੱਗੇ ਲਿਖੇ ਸ਼ਬਦਾਂ ਦੇ ਅਰਥ ਰੱਖਣ ਵਾਲੇ ਇੱਕ-ਸ਼ਬਦੀ ਰੂਪ ਦੱਸੋ :

i) ਲੋੜ ਤੋਂ ਬਿਨਾਂ ਪੈਸੇ ਖ਼ਰਚਣ ਵਾਲਾ
ii) ਬੋਤਲਾਂ ਦੀ ਅੱਧੀ ਦਰਜਨ
iii) ਰੇਗਿਸਤਾਨ ਵਿੱਚ ਰੁੱਖਾਂ ਵਾਲੀ ਥਾਂ
iv) ਆਪਣੇ ਮਨ ਦੀ ਮਰਜ਼ੀ ਕਰਨ ਵਾਲਾ
v) ਜਿਸ ਦੀ ਮਾਂ ਤੇ ਪਿਉ ਦੋਵੇਂ ਮਰ ਚੁੱਕੇ ਹੋਣ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 21.7 ਪ੍ਰੈਸੀ ਬਾਰੇ ਕੁੱਝ ਜ਼ਰੂਰੀ ਨੁਕਤੇ

'ਪ੍ਰੈਸੀ' ਬਾਰੇ ਇਸ ਮੁੱਢਲੀ ਜਾਣ-ਪਛਾਣ ਉਪਰੰਤ ਹੁਣ ਅਸੀਂ ਇਮਤਿਹਾਨੀ ਤੇ ਪੇਸ਼ਾਵਰਾਨਾ ਨੁਕਤੇ ਤੋਂ, ਪ੍ਰੈਸੀ ਦੀ ਜੁਗਤ ਦੇ ਕੁੱਝ ਜ਼ਰੂਰੀ ਨੁਕਤਿਆਂ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੇ ਹਾਂ :

ੳ) 'ਪ੍ਰੈਸੀ' ਕਰਨ ਵਾਲੇ ਨੇ ਕੋਸ਼ਿਸ਼ ਕਰਨੀ ਹੁੰਦੀ ਹੈ ਕਿ ਮੂਲ ਪੈਰੇ ਵਿੱਚ ਵਰਤੇ ਹੋਏ ਸ਼ਬਦ ਨਾ ਵਰਤੇ ਜਾਣ ਤੇ ਸਾਰੀ ਪ੍ਰੈਸੀ ਉਸ ਦੇ ਆਪਣੇ ਸ਼ਬਦਾਂ ਵਿੱਚ ਲਿਖੀ ਜਾਵੇ। ਇਹ ਗੱਲ ਏਨੀ ਜ਼ਰੂਰੀ ਹੈ ਕਿ ਅਸੀਂ ਇਸ ਨੂੰ ਦੁਹਰਾਉਣਾ ਚਾਹੁੰਦੇ ਹਾਂ: ਪੈਰੇ ਦਾ ਸੰਖੇਪ, ਮੂਲ ਲੇਖਕ ਦੇ ਸ਼ਬਦਾਂ ਵਿੱਚ ਨਹੀਂ, ਪ੍ਰੈਸੀ ਕਰਨ ਵਾਲੇ ਦੇ ਆਪਣੇ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।

ਅ) ਜੇ ਦੱਸਿਆ ਗਿਆ ਹੋਵੇ ਕਿ ਪ੍ਰੈਸੀ ਐਨੇ ਸ਼ਬਦਾਂ ਵਿੱਚ ਮੁਕਾਉਣੀ ਹੈ ਤਾਂ ਤੁਹਾਡੀ ਪ੍ਰੈਸੀ ਓਨੇ ਸ਼ਬਦਾਂ ਤੋਂ ਵਧਣੀ ਨਹੀਂ ਚਾਹੀਦੀ, ਪਰ ਜੇ ਸ਼ਬਦਾਂ ਦੀ ਗਿਣਤੀ ਨਾ ਦੱਸੀ ਹੋਵੇ ਤਾਂ ਆਮ ਤੌਰ ਉੱਤੇ, 'ਪ੍ਰੈਸੀ' ਮੂਲ ਦੇ ਇੱਕ-ਤਿਹਾਈ ਹਿੱਸੇ ਤੋਂ ਨਹੀਂ ਵਧਣੀ ਚਾਹੀਦੀ।

ੲ) ਤੁਹਾਡੀ ਪ੍ਰੈਸੀ ਸੌਦਾ ਖ਼ਰੀਦਣ ਵਾਲੀਆਂ ਚੀਜ਼ਾਂ ਦੀ ਸੂਚੀ ਵਰਗੀ ਜਾਂ ਡਾਇਰੀ ਵਿੱਚ ਦਰਜ਼ ਕੀਤੇ ਹੋਏ ਨੁਕਤਿਆਂ ਵਰਗੀ ਨਹੀਂ ਹੋਣੀ ਚਾਹੀਦੀ, ਬਲਕਿ ਉਸ ਦਾ ਅੰਤਿਮ ਰੂਪ ਲਗਾਤਾਰ, ਪੜ੍ਹਨਯੋਗ ਲਿਖਤ ਵਰਗਾ ਹੋਣਾ ਚਾਹੀਦਾ ਹੈ।

ਸ) ਫ਼ਰਜ਼ ਕਰੋ ਕਿਸੇ ਲਿਖਤ ਵਿੱਚ ਮਹਿਗਾਈ ਦੇ ਚਾਰ ਕਾਰਨ ਦਿੱਤੇ ਹੋਏ ਹਨ ਤੇ ਲੇਖਕ ਨੇ ਕਿਸੇ ਇੱਕ ਉੱਤੇ ਉਚੇਚਾ ਜ਼ੋਰ ਨਹੀਂ ਦਿੱਤਾ ਤਾਂ ਪ੍ਰੈਸੀ ਵਿੱਚ ਵੀ ਚਾਰਾਂ ਹੀ ਕਾਰਨਾਂ ਨੂੰ ਇੱਕੋ ਜਿਹੀ ਮਹੱਤਾ ਦੇਣੀ ਪਵੇਗੀ। ਇਉਂ ਨਹੀਂ ਕਿ ਜਿਹੜਾ ਕਾਰਨ ਤੁਹਾਨੂੰ ਸਭ ਤੋਂ ਜ਼ਰੂਰੀ ਲਗਦਾ ਹੈ, ਤੁਸੀਂ ਉਸ ਨੂੰ ਬਾਕੀਆਂ ਨਾਲੋਂ ਨਿਖੇੜ ਕੇ, ਵਡੇਰੀ ਅਹਿਮੀਅਤ ਜਾਂ ਮਹੱਤਾ ਵਾਲਾ ਬਣਾ ਕੇ ਦੱਸਣ ਦਾ ਜਤਨ ਕਰਨ ਲੱਗ ਪਵੋ।

ਹ) ਇਹ ਬਿਲਕੁਲ ਸਪਸ਼ਟ ਹੋਣਾ ਚਾਹੀਦਾ ਹੈ ਕਿ ਤੁਸੀਂ ਦਿੱਤੇ ਹੋਏ ਪੈਰੇ ਜਾਂ ਪ੍ਰਸੰਗ ਦੀ ਹੀ ਪ੍ਰੈਸੀ ਬਣਾਉਣੀ ਹੈ, ਚਾਹੇ ਉਹ ਤੁਹਾਡੇ ਆਪਣੇ ਵਿਚਾਰਾਂ ਦੇ ਵਿਰੁੱਧ ਹੀ ਕਿਉਂ ਨਾ ਹੋਵੇ। ਤੁਹਾਨੂੰ ਆਪਣੇ ਵੱਲੋਂ ਪੈਰੇ ਦੇ ਲੇਖਕ ਦੀ ਰਾਏ ਜਾਂ ਦਲੀਲ ਨੂੰ ਕੱਟਣ ਜਾਂ ਤੋੜਨ-ਮਰੋੜਨ ਦਾ ਕੋਈ ਹੱਕ ਨਹੀਂ ਹੈ। ਤੁਸੀਂ ਆਪਣੇ ਵੱਲੋਂ ਕਿਸੇ ਤਰ੍ਹਾਂ ਦੀ ਟੀਕਾ-ਟਿੱਪਣੀ ਨਹੀਂ ਕਰ ਸਕਦੇ ਏਥੋਂ ਤੱਕ ਕਿ ਜੇ ਕੋਈ ਗ਼ਲਤ ਗੱਲ ਲਿਖੀ ਹੋਈ ਹੈ ਤਾਂ ਵੀ ਤੁਹਾਨੂੰ ਉਸ ਦੇ ਠੀਕ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਕ) ਪ੍ਰੈਸੀ ਬਣਾਉਣ ਵੇਲੇ ਹਮੇਸ਼ਾ, ਅਨਯ ਪੁਰਖ ਤੇ ਭੂਤ ਕਾਲ ਦੀ ਵਰਤੋਂ ਹੁੰਦੀ ਹੈ। ਅਰਥਾਤ 'ਮੈਂ' ਤੇ ਮੇਰਾ ਦੀ ਥਾਂ 'ਉਹ' ਤੇ 'ਉਸ ਦਾ' ਤੇ 'ਹੈ' ਦੀ ਥਾਂ 'ਸੀ' ਦੀ ਵਰਤੋਂ ਹੋਵੇਗੀ।

ਖ) ਪ੍ਰੈਸੀ ਦੇ ਅਖ਼ੀਰ ਵਿੱਚ ਕੁੱਲ ਸ਼ਬਦਾਂ ਦੀ ਗਿਣਤੀ ਦੇ ਦੇਣੀ ਚਾਹੀਦੀ ਹੈ। ਗਿਣਤੀ, ਕਦੀ ਵੀ, ਗ਼ਲਤ ਨਹੀਂ ਲਿਖਣੀ ਚਾਹੀਦੀ।

ਗ) ਪਰੀਖਿਅਕ ਨੇ ਮੰਗ ਕੀਤੀ ਹੋਵੇ ਜਾਂ ਨਾ, ਤੁਹਾਨੂੰ ਆਪਣੇ ਵੱਲੋਂ ਪ੍ਰੈਸੀ ਦਾ ਸਿਰਲੇਖ ਜ਼ਰੂਰ ਦੇ ਦੇਣਾ ਚਾਹੀਦਾ ਹੈ।

**ਚੌਥਾ ਅਭਿਆਸ**

**ਨੋਟ:** ਹੇਠ ਦਿੱਤੇ ਪ੍ਰਸ਼ਨਾਂ ਦਾ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਹੀ ਦੇਣੇ ਹਨ। ਉੱਤਰ ਅਖ਼ੀਰ ਵਿੱਚ ਵੀ ਦਿੱਤੇ ਹੋਏ ਹਨ ਪਰ ਤੁਸੀਂ ਆਪਣੇ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

**ਪ੍ਰਸ਼ਨ :**

1 ਪ੍ਰੈਸੀ ਬਣਾਉਣ ਵੇਲੇ ਮੂਲ ਲੇਖਕ ਦੇ ਸ਼ਬਦ ਵਰਤਣੇ ਚਾਹੀਦੇ ਹਨ ਕਿ ਆਪਣੇ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਤੁਹਾਨੂੰ ਜਿਸ ਪੈਰੇ ਦੀ 'ਪ੍ਰੈਸੀ' ਬਣਾਉਣ ਲਈ ਕਿਹਾ ਗਿਆ ਹੈ, ਉਸ ਵਿੱਚ ਕੁੜੀਆਂ ਨੂੰ ਜੰਮਦੇ-ਸਾਰ ਮਾਰ

ਦੇਣ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ ਹੋਈਆਂ ਹਨ। ਤੁਹਾਨੂੰ ਇਹ ਲਿਖਤ ਬਿਲਕੁਲ ਪਸੰਦ ਨਹੀਂ ਹੈ। ਇਸ ਦੀ ਪ੍ਰੈਸੀ ਬਣਾਉਣ ਵੇਲੇ ਤੁਸੀਂ ਕੀ ਕਰੋਗੇ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

3 **ਅਗਲੇ ਵਾਕ ਵਿਚਲੀਆਂ ਗ਼ਲਤ-ਬਿਆਨੀਆਂ ਠੀਕ ਕਰੋ :**

**ਪ੍ਰੈਸੀ ਬਣਾਉਣ ਵਾਲੇ ਨੂੰ ਆਪਣੀ ਪ੍ਰੈਸੀ ਵਿੱਚ 'ਉੱਤਮ' ਪੁਰਖ ਤੇ 'ਵਰਤਮਾਨ' ਕਾਲ ਦੀ ਵਰਤੋਂ ਕਰਨੀ ਚਾਹੀਦੀ ਹੈ।**

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

ਹੁਣ ਤੁਸੀਂ ਪ੍ਰੈਸੀ ਬਾਰੇ ਬਹੁਤ ਸਾਰੀਆਂ ਗੱਲਾਂ ਜਾਣ ਚੁੱਕੇ, ਪਰ ਪ੍ਰੈਸੀ ਕਰਨ ਵੇਲੇ ਤੁਹਾਨੂੰ ਇੱਕ ਹੋਰ ਤਰ੍ਹਾਂ ਦੀ ਤਕਲੀਫ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਸਲਨ, ਜਿਸ ਪੈਰੇ ਦੀ ਪ੍ਰੈਸ਼ੀ ਬਣਾਉਣ ਲਈ ਕਿਹਾ ਗਿਆ ਹੈ ਹੋ ਸਕਦਾ ਹੈ ਉਹ ਕਹਾਣੀ ਦਾ ਟੋਟਾ ਹੋਵੇ ਜਾਂ ਗੱਲ-ਬਾਤ ਹੋਵੇ ਜਾਂ ਵਖਿਆਨ ਦਾ ਟੁਕੜਾ ਹੋਵੇ। ਇਨ੍ਹਾਂ ਸਾਰੇ ਪੈਰ੍ਹਿਆਂ ਦੀ ਸ਼ੈਲੀ ਵੱਖਰੀ ਵੱਖਰੀ ਹੋਵੇਗੀ। ਇੱਕ ਦਾ ਲਿਖਣ-ਢੰਗ, ਦੂਜੇ ਨਾਲੋਂ ਵਿਲੱਖ ਦਿੱਸੇਗਾ। ਇਹੋ ਜਿਹੇ ਵੇਲੇ, ਅਭਿਆਸ ਤੋਂ ਬਿਨਾ, ਕਈ ਵਾਰੀ ਇਹ ਸਮਝ ਨਹੀਂ ਆਉਂਦੀ ਕਿ 'ਪ੍ਰੈਸੀ' ਕਿਵੇਂ ਬਣਾਉਣੀ ਹੈ, ਹਾਲਾਂਕਿ ਅਸੂਲ ਹਰ ਤਰ੍ਹਾਂ ਦੀ ਪ੍ਰੈਸੀ-ਰਚਨਾ ਵਿੱਚ ਇੱਕੋ ਹੀ ਰਹਿੰਦਾ ਹੈ। ਹੁਣ ਅਸੀਂ ਤੁਹਾਨੂੰ ਵੱਖ-ਵੱਖ ਵੰਨਗੀਆਂ ਦੇ ਨਮੂਨੇ ਹੱਲ ਕਰਕੇ ਸੰਖੇਪੀਕਰਨ ਦੇ ਅਸੂਲਾਂ ਦੀ ਵਰਤੋਂ ਕਰਨ ਦਾ ਵੱਲ ਸਿਖਾਉਣ ਦਾ ਜਤਨ ਕਰਾਂਗੇ।

## 21.8 ਵਾਰਤਾ ਜਾਂ ਕਹਾਣੀ ਦਾ ਸੰਖੇਪ

ਕਹਾਣੀ ਦੀ ਪ੍ਰੈਸੀ ਵਿੱਚ ਵਿਚਾਰਾਂ ਦੇ ਜਾਂ ਹੋਰ ਕਿਸੇ ਤਰ੍ਹਾਂ ਦੇ ਵੀ ਵਿਸਤਾਰ ਨਾਲੋਂ ਘਟਨਾ ਜਾਂ ਘਟਨਾਵਾਂ ਦਾ ਕਾਇਮ ਰਹਿਣਾ ਜ਼ਰੂਰੀ ਹੁੰਦਾ ਹੈ। ਗੱਲ-ਬਾਤ ਜਾਂ ਵਾਰਤਾਲਾਪ ਪ੍ਰੈਸੀ ਵਿੱਚ ਜਿਉਂ ਦੀ ਤਿਉਂ ਨਹੀਂ ਰੱਖੀ ਜਾ ਸਕਦੀ। ਉਹ ਚਾਹੇ ਕਿੰਨੀ ਲੰਮੀ ਹੋਵੇ, ਅਸੀਂ ਆਪਣੇ ਸ਼ਬਦਾਂ ਵਿੱਚ ਉਸ ਦਾ ਸਾਰ ਹੀ ਦੇਣਾ ਹੁੰਦਾ ਹੈ। ਤੇ ਕਹਾਣੀ ਕਿਉਂਕਿ ਬੜੀ ਵਾਰੀ ਗੱਲ-ਬਾਤ ਨਾਲ ਹੀ ਅੱਗੇ ਤੁਰਦੀ ਹੈ, ਇਸ ਲਈ ਹੋ ਸਕਦਾ ਹੈ ਕਹਾਣੀ ਦੀ ਪ੍ਰੈਸੀ ਦਾ ਆਕਾਰ ਇੱਕ-ਤਿਹਾਈ ਤੋਂ ਕਾਫ਼ੀ ਘੱਟ ਹੋ ਜਾਵੇ। ਇਸ ਉੱਤੇ ਘਬਰਾਉਣ ਦੀ ਲੋੜ ਨਹੀਂ ਹੁੰਦੀ।

**ਹੁਣ ਕਹਾਣੀ ਦੀ ਇੱਕ ਮਿਸਾਲ ਵੇਖੋ :**

ਇੱਕ ਰਾਜਾ ਸੁਨੱਖ ਦਾ ਬਹੁਤ ਚਾਹਵਾਨ ਸੀ ਤੇ ਆਪਣੇ ਆਪ ਨੂੰ ਖ਼ੂਬਸੂਰਤੀ ਦਾ ਵੱਡਾ ਪਾਰਖੂ ਸਮਝਦਾ ਸੀ। ਉਸ ਨੇ ਆਪਣੇ ਮੁਲਕ ਵਿੱਚ ਸਭ ਤੋਂ ਸੋਹਣੇ ਬੱਚੇ ਨੂੰ ਇਨਾਮ ਦੇਣ ਦਾ ਫ਼ੈਸਲਾ ਕੀਤਾ। ਇਸ ਖ਼ਿਆਲ ਨਾਲ ਉਸ ਨੇ ਵਜ਼ੀਰਾਂ ਨੂੰ ਸੱਦਾ ਭੇਜਿਆ ਤੇ ਇੱਕ ਹੁਕਮ ਕੱਢਿਆ ਕਿ ਮੇਰੀ ਬਾਦਸ਼ਾਹੀ ਦੇ ਸਾਰੇ ਖ਼ੂਬਸੂਰਤ ਬੱਚਿਆਂ ਨੂੰ ਇੱਕ ਥਾਂ ਇੱਕਠਾ ਕੀਤਾ ਜਾਏ, ਤਾਂ ਜੋ ਮੈਂ ਉਨ੍ਹਾਂ ਸਾਰਿਆਂ ਨੂੰ ਵੇਖ ਕੇ ਉਨ੍ਹਾਂ ਦੇ ਸੁਨੱਖ ਦੇ ਸੁਨੱਖ ਵਿੱਚ ਆਪਣਾ ਫ਼ੈਸਲਾ ਦੇਵਾਂ ਤੇ ਇਨਾਮ ਵੰਡ ਸਕਾਂ। ਮੁਲਕ ਦੇ ਚੁਪਾਸਿਓਂ ਨਿਸ਼ਚਿਤ ਦਿਨ ਉੱਤੇ ਬੱਚੇ ਲਿਆਂਦੇ ਗਏ ਤੇ ਰਾਜੇ ਦੀ ਉਡੀਕ ਹੋਣ ਲੱਗੀ। ਆਪਣੀ ਉੱਚੀ ਪਦਵੀ ਦੇ ਕਾਰਨ ਉਹ ਸਦਾ ਹੀ ਦੇਰ ਕਰ ਕੇ ਆਇਆ ਕਰਦਾ ਸੀ। ਅਖ਼ੀਰ ਰਾਜਾ ਆਪਣੇ ਦਰਬਾਰੀਆਂ ਸਣੇ ਪਧਾਰਿਆ। ਇਨ੍ਹਾਂ ਦਰਬਾਰੀਆਂ ਨੂੰ ਤਨਖ਼ਾਹ ਕੇਵਲ ਇਸ ਗੱਲ ਦੀ ਮਿਲਦੀ ਸੀ ਕਿ ਉਹ ਹਰ ਵੇਲੇ ਉਸ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹਿਣ ਤੇ ਰਾਜੇ ਦੇ ਫ਼ੈਸਲੇ ਦੀ ਪਰੋੜ੍ਹਤਾ ਕਰਦੇ ਰਹਿਣ। ਇੱਕ ਸੁਨਹਿਰੀ ਤਖ਼ਤ ਦੇ ਉੱਤੇ ਸ਼ਾਹੀ ਛਤਰ ਦੇ ਹੇਠ ਬੈਠ ਕੇ ਰਾਜੇ ਨੇ ਬੱਚਿਆਂ ਵਿੱਚੋਂ ਸਭ ਤੋਂ ਸੁਹਣੇ ਨੂੰ ਇਨਾਮ ਦੇਣ ਦੇ ਢੰਗ ਦਾ ਏਲਾਨ ਕੀਤਾ। ਉਸ ਨੇ ਪਹਿਲਾਂ ਇੱਕਲੇ-ਇੱਕਲੇ ਬੱਚੇ ਨੂੰ ਵੇਖਣਾ ਸੀ ਤੇ ਉਨ੍ਹਾਂ ਵਿੱਚੋਂ ਮੁਕਾਬਲੇ ਦੇ ਯੋਗ ਬੱਚੇ ਚੁਣ ਲੈਣੇ ਸਨ। ਪਹਿਲਾ ਬੱਚਾ ਜਿਹੜਾ ਪੇਸ਼ ਕੀਤਾ ਗਿਆ ਉਹ ਵੱਡੇ ਵਜ਼ੀਰ ਦਾ ਪੋਤਰਾ ਸੀ। ਇਹ ਬੱਚਾ ਅਤਿਅੰਤ ਬਦਸੂਰਤ ਸੀ। ਰਾਜੇ ਨੂੰ ਹੈਰਾਨੀ ਹੋਈ ਕਿ ਵੱਡੇ ਵਜ਼ੀਰ ਵਰਗੇ ਸਿਆਣੇ ਬੰਦੇ ਨੇ ਏਡਾ ਬਦਸੂਰਤ ਬੱਚਾ ਖ਼ੂਬਸੂਰਤੀ ਦੇ ਮੁਕਾਬਲੇ ਵਿੱਚ ਕਿਵੇਂ ਲੈ ਆਂਦਾ ! ਰਾਜੇ ਨੇ ਉਸ ਕੋਲੋਂ ਪੁੱਛਿਆ ਕਿ ਸੁਨੱਖ ਦੇ ਕਿਨ੍ਹਾਂ ਅਸੂਲਾਂ ਤੇ ਮਿਆਰਾਂ ਕਰਕੇ ਉਸ ਨੇ ਇਹ ਆਸ ਬੱਧੀ ਕਿ ਇਹ ਬੱਚਾ ਇਨਾਮ ਪ੍ਰਾਪਤ ਕਰ ਸਕੇਗਾ। ਵੱਡੇ ਵਜ਼ੀਰ ਨੇ ਉੱਤਰ ਦਿੱਤਾ "ਮਹਾਰਾਜ ! ਆਪ ਜਾਣਦੇ ਹੋ ਕਿ ਸੁਨੱਖ ਦਾ ਸੰਬੰਧ ਦਿਲ ਨਾਲ ਹੁੰਦਾ ਹੈ, ਨਜ਼ਰ ਨਾਲ ਨਹੀਂ। ਆਪਣੇ ਬੱਚੇ ਨੂੰ ਪਿਆਰ ਕਰਨ ਵਾਲੇ ਬੰਦੇ ਨੂੰ ਬੱਚੇ ਵਿੱਚ ਅਪਾਰ ਹੁਸਨ ਦਾ ਝਾਉਲਾ ਪੈਂਦਾ ਹੈ ਤੇ ਕਿਉਂਕਿ ਮੈਂ ਇਸ ਬੱਚੇ ਨੂੰ ਦਿਲੋਂ ਪਿਆਰ ਕਰਦਾ ਹਾਂ, ਇਸ ਲਈ ਮੇਰੇ ਵਾਸਤੇ ਇਹ ਬੱਚਾ ਸਭ ਤੋਂ ਸੁਹਣਾ ਹੈ" ਰਾਜਾ ਇਸ ਉੱਤਰ ਨਾਲ ਬੜਾ ਪ੍ਰਭਾਵਿਤ ਹੋਇਆ। ਉਸ ਨੇ ਮੁਕਾਬਲਾ ਬੰਦ ਕਰਾ ਦਿੱਤਾ। ਹਰ ਬੱਚੇ ਨੂੰ ਇੱਕ ਤੁਹਫ਼ਾ ਦੇ ਕੇ ਸਭ ਨੂੰ ਦਾਹਵਤ ਖਵਾਈ ਤੇ ਘਰਾਂ ਨੂੰ ਤੋਰ ਦਿੱਤਾ।

ਇਸ ਪੈਰੇ ਵਿੱਚ 338 ਸ਼ਬਦ ਹਨ। ਪ੍ਰੈਸੀ ਦੇ ਆਮ ਨਿਯਮਾਂ ਅਨੁਸਾਰ ਇਸ ਦਾ ਸੰਖੇਪ ਵੱਧ ਤੋਂ ਵੱਧ 113 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। ਹੁਣ ਅਸੀਂ ਇਸ ਕਹਾਣੀ ਦੀ ਪ੍ਰੈਸੀ ਬਣਾਉਂਦੇ ਹਾਂ, ਵੇਖੀਏ ਕਿੰਨੇ ਸ਼ਬਦਾਂ ਵਿੱਚ ਸਿਰੇ ਚੜ੍ਹਦੀ ਹੈ :

ਸਿਰਲੇਖ : ਸੁੰਦਰਤਾ ਦਾ ਮੁਕਾਬਲਾ

ਇੱਕ ਰਾਜੇ ਨੇ ਆਪਣੇ ਰਾਜ ਦਾ ਸਭ ਤੋਂ ਸੁਹਣਾ ਬੱਚਾ ਚੁਣਨ ਲਈ ਇੱਕ ਮੁਕਾਬਲੇ ਦਾ ਪ੍ਰਬੰਧ ਕੀਤਾ। ਰਾਜਾ ਚੋਣ ਕਰਨ ਲਈ ਪਹੁੰਚਿਆ ਤਾਂ ਆਪਣੇ ਵਜ਼ੀਰ ਦਾ ਬਦਸੂਰਤ ਪੋਤਰਾ ਵੀ ਮੁਕਾਬਲੇ ਵਿੱਚ ਬੈਠਾ ਵੇਖਿਆ। ਰਾਜੇ ਨੇ ਵਜ਼ੀਰ ਪਾਸੋਂ ਪੁੱਛਿਆ ਕਿ ਕਿਸ ਕਸਵੱਟੀ ਦੇ ਆਧਾਰ ਉੱਤੇ ਉਸ ਨੇ ਆਪਣੇ ਪੋਤਰੇ ਨੂੰ ਸੁੰਦਰਤਾ ਦੇ ਮੁਕਾਬਲੇ ਵਿੱਚ ਲਿਆ ਬਿਠਾਇਆ ਸੀ। ਵਜ਼ੀਰ ਦਾ ਉੱਤਰ ਸੀ ਕਿ ਜੇ ਕਿਸੇ ਲਈ ਮਨ ਵਿੱਚ ਪਿਆਰ ਹੋਵੇ, ਤਾਂ ਉਹ ਅਵੱਸ਼ ਸੁੰਦਰ ਲੱਗੇਗਾ। ਵਜ਼ੀਰ ਨੂੰ ਆਪਣੇ ਪੋਤਰੇ ਨਾਲ ਬਹੁਤ ਪਿਆਰ ਸੀ, ਸੋ ਉਸ ਲਈ ਉਸ ਦੀ ਸੁੰਦਰਤਾ ਅਪਾਰ ਸੀ। ਰਾਜੇ ਨੂੰ ਵਜ਼ੀਰ ਦੀ ਗੱਲ ਚੰਗੀ ਲੱਗੀ। ਉਸ ਨੇ ਮੁਕਾਬਲੇ ਵਿੱਚ ਆਏ ਸਾਰੇ ਬੱਚਿਆਂ ਨੂੰ ਇਨਾਮ ਦਿੱਤੇ ਤੇ ਖਵਾ-ਪਿਆ ਕੇ ਵਿਦਾ ਕੀਤਾ।

ਇਹ ਬਣੇ 113 ਸ਼ਬਦ। ਹੁਣ ਤੁਸੀਂ ਚੰਗੀ ਤਰ੍ਹਾਂ ਵੇਖ ਕੇ ਦੱਸੋ ਕਿ ਮੂਲ ਦੀ ਕੋਈ ਖ਼ਾਸ ਗੱਲ ਇਸ ਪ੍ਰੈਸੀ ਵਿੱਚ ਸ਼ਾਮਲ ਹੋਣ ਤੋਂ ਰਹਿ ਤਾਂ ਨਹੀਂ ਗਈ?

**ਪੰਜਵਾਂ ਅਭਿਆਸ**

**ਨੋਟ** : ਹੇਠ ਦਿੱਤੇ ਪ੍ਰਸ਼ਨ ਦਾ ਉੱਤਰ ਖ਼ਾਲੀ ਛੱਡੀ ਥਾਂ ਉੱਤੇ ਹੀ ਦੇਣਾ ਹੈ। ਆਪਣਾ ਉੱਤਰ ਦੇਣ ਮਗਰੋਂ ਹੀ ਪਿੱਛੇ ਦਿੱਤੇ ਉੱਤਰ ਨਾਲ ਮੇਲ ਕੇ ਵੇਖਣਾ ਹੈ।

**ਪ੍ਰਸ਼ਨ** : ਅੱਗੇ ਦਿੱਤੇ ਟੋਟੇ ਦੀ ਪ੍ਰੈਸੀ ਬਣਾਓ :

ਇੱਕ ਕਾਲਜ ਦਾ ਪ੍ਰਿੰਸੀਪਲ ਲਿਖਦਾ ਹੈ ਕਿ ਸਤੰਬਰ 1920 ਵਿੱਚ, ਇੱਕ ਮੁੰਡਾ ਸਵੇਰੇ ਦਫ਼ਤਰ ਵਿੱਚ ਆਇਆ। ਉਸ ਨੇ ਸਾਡੀ ਨਵੀਂ ਵਿਦਿਅਕ ਸਕੀਮ ਅਨੁਸਾਰ ਦਾਖ਼ਲੇ ਦੇ ਇਮਤਿਹਾਨ ਵਿੱਚ ਸ਼ਾਮਲ ਹੋਣ ਦੀ ਆਗਿਆ ਲੈਣੀ ਸੀ। ਉਸ ਨੇ ਸਕੂਲ ਛੱਡਣ ਦੇ ਸਰਟੀਫ਼ਿਕੇਟ ਉੱਤੇ ਇੱਕ ਗੁਮਨਾਮ ਪੇਂਡੂ ਸਕੂਲ ਦੇ ਮੁੱਖ ਅਧਿਆਪਕ ਦੇ ਦਸਖ਼ਤ ਸਨ। ਉੱਥੇ ਲਿਖਿਆ ਹੋਇਆ ਸੀ ਕਿ ਉਸ ਨੇ ਸਕੂਲ ਦੇ ਸਾਰੇ ਇਮਤਿਹਾਨ ਬੜੇ ਚੰਗੇ ਨੰਬਰ ਲੈ ਕੇ ਪਾਸ ਕੀਤੇ ਹਨ ਤੇ ਉਸ ਦਾ ਮੁਤਾਲਿਆ ਉਸ ਨੂੰ ਨਵੀਂ ਸਕੀਮ ਦੀ ਪੜ੍ਹਾਈ ਦੇ ਯੋਗ ਬਣਾਉਂਦਾ ਸੀ। ਪਹਿਲੀ ਪਰੀਖਿਆ ਇੱਕ ਦੋ ਘੰਟੇ ਬਾਦ ਹੋਣੀ ਨਿਸ਼ਚਿਤ ਹੋਈ ਸੀ। ਸੋ ਮੈਂ ਉਸ ਦੀ ਅਰਜ਼ੀ ਮੰਨਜ਼ੂਰ ਕਰ ਲਈ ਤੇ ਉਸ ਨੂੰ ਇਮਤਿਹਾਨੀ ਕਮਰੇ ਦਾ ਰਾਹ ਸਮਝਾ ਦਿੱਤਾ। ਉਸ ਨੇ ਜਿਉਂ ਹੀ, ਵਾਪਸ ਜਾਣ ਲਈ ਪਾਸਾ ਪਰਤਿਆ, ਮੈਂ ਵੇਖਿਆ ਕਿ ਉਸ ਦੇ ਕੋਟ ਦੀ ਇੱਕ ਬਾਂਹ ਖ਼ਾਲੀ ਸੀ। ਇਹ ਵੇਖ ਕੇ ਮੈਂ ਉਸ ਨੂੰ ਪੁੱਛਿਆ "ਕੀ ਤੂੰ ਜੰਗ ਵਿੱਚੋਂ ਹੋ ਆਇਆ ਹੈ?"

"ਜੀ ਹਾਂ", ਉਸ ਨੇ ਉੱਤਰ ਦਿੱਤਾ "ਮੈਂ ਜੰਗ ਵਿੱਚ ਬਾਈ ਮਹੀਨੇ ਕੱਟੇ ਹਨ।"
"ਫੇਰ ਤਾਂ ਤੂੰ ਬਿਨਾਂ ਕਿਸੇ ਪਰੀਖਿਆ ਦੇ ਕਾਲਜ ਵਿੱਚ ਦਾਖ਼ਲ ਹੋ ਸਕਦਾ ਹੈ—ਮੁਲਕ ਦੀ ਸੇਵਾ ਬਦਲੇ।"

ਉਹ ਇੱਕ ਝਟਕੇ ਜਿਹੇ ਨਾਲ ਤਣ ਕੇ ਖੜਾ ਹੋ ਗਿਆ ਅਤੇ ਬੜੀ ਗੰਭੀਰਤਾ ਨਾਲ ਉੱਤਰ ਦਿੱਤਾ, "ਸ਼ੁਕਰਿਆ, ਪਰ ਮੈਂ ਇਸ ਰਾਹ ਥਾਈਂ ਕਦੀ ਦਾਖ਼ਲ ਨਹੀਂ ਹੋਵਾਂਗਾ। ਮੈਂ ਦਾਖ਼ਲੇ ਦੀ ਪਰੀਖਿਆ ਵਿੱਚ ਬੈਠਣ ਲਈ ਪੂਰੀ ਤਰ੍ਹਾਂ ਤਿਆਰ ਹਾਂ ਤੇ ਮੇਰਾ ਜੀ ਕਰਦਾ ਹੈ, ਮੈਂ ਇਸ ਰਾਹ ਥਾਣੀ ਹੀ ਅੰਦਰ ਜਾਵਾਂ। ਕਿਸੇ ਹੋਰ ਸੁਖਦਾਇਕ ਰਸਤੇ ਰਾਹੀਂ ਮੈਂ ਨਹੀਂ ਪੁੱਜਣਾ ਚਾਹੁੰਦਾ। ਮੈਂ ਜਾਂ ਤਾਂ ਵੱਡੇ ਦਰਵਾਜ਼ੇ ਵਿੱਚੋਂ ਬਾਕੀਆਂ ਵਾਂਗੂ ਦਾਖ਼ਲ ਹੋਵਾਂਗਾ ਜਾਂ ਉੱਕਾ ਹੀ ਨਹੀਂ। ਆਪਣੀ ਸੇਵਾ ਦੇ ਇਵਜ਼ਾਨੇ ਵਿੱਚ ਮੈਨੂੰ ਕੁੱਝ ਨਹੀਂ ਚਾਹੀਦਾ। ਉਹ ਤੇ ਤੁੱਛ ਭੇਟਾ ਸੀ। ਉਸ ਦੇ ਬਦਲੇ ਮੈਂ ਕੋਈ ਇਨਾਮ ਸਵੀਕਾਰ ਨਹੀਂ ਕਰਾਂਗਾ।

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

## 21.9 ਦਲੀਲ-ਲੜੀ ਜਾਂ ਵਿਚਾਰ-ਲੜੀ ਦੀ ਪ੍ਰੇਸੀ

ਜਿਸ ਪੈਰੇ ਵਿੱਚ ਦਲੀਲਾਂ ਦੇ ਦੇ ਕੇ ਕੋਈ ਗੱਲ ਸਿੱਧ ਕੀਤੀ ਹੋਈ ਹੋਵੇ, ਉਸ ਦੀ ਪ੍ਰੇਸੀ ਬਣਾਉਣ ਵੇਲੇ ਸਾਨੂੰ ਸਭ ਤੋਂ ਪਹਿਲਾਂ ਇਹ ਪਤਾ ਲਾਉਣ ਦਾ ਜਤਨ ਕਰਨਾ ਚਾਹੀਦਾ ਹੈ ਕਿ ਪੈਰੇ ਦਾ ਮੁੱਖ ਵਿਸ਼ਾ ਕੀ ਹੈ ? ਲੇਖਕ ਕੀ ਸਿੱਧ ਕਰਨਾ ਚਾਹੁੰਦਾ ਹੈ ? ਫੇਰ ਇਹ ਵੇਖਿਆ ਜਾਵੇ ਕਿ ਲੇਖਕ ਨੇ ਆਪਣੇ ਵਿਸ਼ੇ ਨੂੰ ਸਿੱਧ ਕਰਨ ਲਈ ਕਿਹੜੀਆਂ ਕਿਹੜੀਆਂ ਦਲੀਲਾਂ ਵਰਤੀਆਂ ਹਨ। ਤੁਹਾਡੀ ਪ੍ਰੇਸੀ ਵਿੱਚ ਇਨ੍ਹਾਂ ਦਲੀਲਾਂ ਦੀ ਤਰਤੀਬ ਕਾਇਮ ਰਹਿਣੀ ਚਾਹੀਦੀ ਹੈ। "ਇਹ ਪ੍ਰਤੱਖ ਹੈ", "ਕਿਸੇ ਹੱਦ ਤੱਕ", ਉਪਰੋਕਤ ਗੱਲ ਤੋਂ ਸਾਫ਼ ਜ਼ਾਹਰ ਹੈ", "ਝਟ-ਪੱਟ, "ਜੇ ਜ਼ਰਾ ਗਹੁ ਨਾਲ ਵੇਖੀਏ", ਵਰਗੇ ਸ਼ਬਦ ਪ੍ਰੇਸੀ ਵਾਸਤੇ ਫ਼ਾਲਤੂ ਹੁੰਦੇ ਹਨ ਇਸੇ ਲਈ ਇਨ੍ਹਾਂ ਦੇ ਵਰਤਣ ਦੀ ਲੋੜ ਨਹੀਂ ਹੁੰਦੀ। ਅੱਗੇ ਦਿੱਤਾ ਪੈਰਾ ਵੇਖੋ :

ਇਹ ਪ੍ਰਤੱਖ ਹੈ ਕਿ ਮਨ ਦੀਆਂ ਵੱਖੋ-ਵੱਖਰੀਆਂ ਸੋਚਾਂ ਤੇ ਖ਼ਿਆਲਾਂ ਵਿੱਚ ਜੋੜ ਪੈਦਾ ਕਰਨ ਵਾਲਾ ਅਸੂਲ ਹੈ ਸੀ ਤੇ ਚੇਤੇ ਜਾਂ ਕਲਪਨਾ ਰਾਹੀਂ ਪ੍ਰਗਟ ਹੋਣ ਲੱਗਿਆਂ ਇਹ ਖ਼ਿਆਲ ਆਪਣੇ ਆਪ ਨੂੰ, ਕਿਸੇ ਹੱਦ ਤਕ, ਖ਼ਾਸ ਤਰਤੀਬ ਨਾਲ ਪੇਸ਼ ਕਰਦੇ ਹਨ। ਦੀਰਘ ਵਿਚਾਰ ਜਾਂ ਵਾਰਤਾਲਾਪ ਵੇਲੇ ਉਪਰੋਕਤ ਗੱਲ ਇਤਨੀ ਸਾਫ਼ ਜ਼ਾਹਰ ਹੁੰਦੀ ਹੈ ਕਿ ਜੋ ਕੋਈ ਵਿਕੋਲਿੱਤਰਾ ਖ਼ਿਆਲ, ਲਗਾਤਾਰ ਵਹਿ ਰਹੇ ਖ਼ਿਆਲਾਂ ਦੇ ਵਹਿਣ ਵਿੱਚ ਰੋੜਾ ਅਟਕਾਉਣ ਲੱਗੇ, ਤਾਂ ਝੱਟ-ਪੱਟ ਉਸ ਨੂੰ ਪਿਛਾਂਹ ਹਟਾ ਦੇਈਦਾ ਹੈ। ਆਪਣੇ ਦੂਰ-ਦੁਰਾਡੇ ਫੇਰੇ ਮਾਰਨ ਵਾਲੇ ਮਨੋਵੇਗਾਂ ਤੇ ਸੁਫ਼ਨਿਆਂ ਵਿੱਚ ਵੀ ਅਸੀਂ ਵੇਖਾਂਗੇ, ਕਿ ਸਾਡੀ ਕਲਪਨਾ ਬੇ-ਬਵੀ ਤੇ ਬੇ-ਲਗਾਮੀ ਨਹੀਂ ਭੌਂਦੀ ਰਹੀ, ਬਲਕਿ ਇੱਕ ਦੂਜੇ ਦੇ ਪਿੱਛੋਂ ਆਉਣ ਵਾਲੇ ਖ਼ਿਆਲਾਂ ਵਿੱਚ ਹਮੇਸ਼ਾ ਕੋਈ ਨਾ ਕੋਈ ਸੰਬੰਧ ਹੈ ਸੀ। ਜੇ ਢਿੱਲੀ ਤੋਂ ਢਿੱਲੀ ਤੇ ਖੁੱਲ੍ਹੀ ਤੋਂ ਖੁੱਲ੍ਹੀ ਗੱਲ-ਬਾਤ ਨੂੰ ਵੀ ਲਿਖ ਲਿਆ ਜਾਵੇ ਤਾਂ ਇੱਕ ਵਿਸ਼ੇ ਨੂੰ ਦੂਜੇ ਨਾਲ ਜੋੜਨ ਵਾਲਾ ਕੁੱਝ ਨਾ ਕੁੱਝ ਜ਼ਰੂਰ ਲੱਭ ਪਵੇਗਾ। ਜਿੱਥੇ ਇਹ ਮੇਲ ਨਾ ਹੋਵੇ, ਉਥੇ ਜਿਸ ਨੇ ਗੱਲ-ਬਾਤੀ ਸਿਲਸਿਲੇ ਨੂੰ ਤੋੜਿਆ ਹੋਵੇ, ਉਸ ਤੋਂ ਇਹ ਆਸ ਰਖਣੀ ਜਾਇਜ਼ ਹੈ ਕਿ ਕਦੀ ਨਾ ਕਦੀ ਇਹ ਮੰਨ ਲਵੇਗਾ ਕਿ ਉਸ ਦੇ ਦਿਮਾਗ ਵਿੱਚ ਖ਼ਿਆਲ ਦੀ ਉਹ ਲੜੀ ਲੁੱਕੀ-ਛਿਪੀ ਚੱਕਰ ਲਾਉਂਦੀ ਰਹੀ ਸੀ, ਜਿਸ ਨੇ ਉਸ ਨੂੰ ਉਸ ਖ਼ਾਸ ਗੱਲ ਤੱਕ ਪੁਚਾਇਆ ਸੀ। ਇੱਕ ਤਰ੍ਹਾਂ ਦੇ ਖ਼ਿਆਲਾਂ ਦੇ ਸਮੂਹਾਂ ਨੂੰ ਦਰਸਾਉਣ ਵਾਲੇ ਸ਼ਬਦ ਹਰ ਭਾਸ਼ਾ ਵਿੱਚ ਲੱਭਦੇ ਹਨ ਤੇ ਇਹ ਇੱਕ ਯਕੀਨੀ ਸਬੂਤ ਹੈ ਇਸ ਗੱਲ ਦਾ, ਕਿ ਖ਼ਿਆਲ, ਮਨੁੱਖ-ਮਾਤਰ ਉੱਤੇ ਸਮਾਨ ਪ੍ਰਭਾਵ ਪਾਉਣ ਵਾਲੇ ਕਿਸੇ ਸਰਬ-ਵਿਆਪੀ ਅਸੂਲ ਤੋਂ ਬਾਹਰ ਨਹੀਂ ਹਨ।

ਭਾਵੇਂ ਵੱਖੋ-ਵੱਖ ਖ਼ਿਆਲਾਂ ਦੇ ਅੰਦਰਲੇ ਸੰਬੰਧ ਨੂੰ ਸਮਝਣਾ ਕੋਈ ਕਠਨ ਕੰਮ ਨਹੀਂ, ਤਾਂ ਵੀ ਮੇਰਾ ਖ਼ਿਆਲ ਹੈ ਕਿ ਕਿਸੇ ਫ਼ਲਾਸਫ਼ਰ ਨੇ ਵਿਚਾਰ-ਲੜੀ ਦੇ ਅਸੂਲਾਂ ਦੀ ਗਿਣਤੀ ਜਾਂ ਵੰਡ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜ਼ਰਾ ਵੀ ਸੋਚੀਏ ਤਾਂ ਇਹ ਵਿਸ਼ਾ ਸਾਡੇ ਉਚੇਰੇ ਧਿਆਨ ਦੀ ਮੰਗ ਕਰਦਾ ਹੈ। ਮੈਨੂੰ ਤੇ ਖ਼ਿਆਲਾਂ ਵਿਚਕਾਰ ਮੇਲ ਦੇ ਤਿੰਨ ਅਸੂਲ ਨਜ਼ਰ ਆਉਂਦੇ ਹਨ: ਸਮਾਨਤਾ, ਦੇਸ਼ ਜਾਂ ਕਾਲ ਦਾ ਨੇੜ, ਤੇ ਕਾਰਨ ਜਾਂ ਫਰਜ਼।

ਮੈਨੂੰ ਨਿਸ਼ਚਾ ਹੈ ਕਿ ਇਸ ਗੱਲ ਉੱਤੇ ਸ਼ੱਕ ਨਹੀਂ ਕੀਤਾ ਜਾਵੇਗਾ ਕਿ ਇਹੀ ਅਸੂਲ ਹਨ, ਜੋ ਖ਼ਿਆਲਾਂ ਦੇ ਵਿਚਕਾਰ ਸੰਬੰਧ ਪੈਦਾ ਕਰਦੇ ਹਨ। ਤਸਵੀਰ ਨੂੰ ਵੇਖ ਕੇ ਅਵੱਸ਼ ਹੀ ਅਸਲ ਦਾ ਖ਼ਿਆਲ ਆਉਂਦਾ ਹੈ। ਕਿਸੇ ਇਮਾਰਤ ਦੇ ਇੱਕ ਕਮਰੇ ਦਾ ਜ਼ਿਕਰ ਕੁਦਰਤੀ ਤੌਰ ਉੱਤੇ ਦੂਜਿਆਂ ਕਮਰਿਆਂ ਦੀ ਖੋਜ ਸ਼ੁਰੂ ਕਰਾ ਦੇਂਦਾ ਹੈ। ਜੇ ਅਸੀਂ ਰੋਣ ਦਾ ਖ਼ਿਆਲ ਕਰੀਏ ਤਾਂ ਉਸ ਦੇ ਨਾਲ ਪੀੜ ਉੱਤੇ ਵਿਚਾਰ ਕੀਤੇ ਬਿਨਾਂ ਨਹੀਂ ਰਹਿ ਸਕਦੇ। ਹਾਂ, ਸਾਡਾ ਇਹ ਕਹਿਣਾ ਕਿ ਇਹ ਗਿਣਤੀ ਮੁਕੰਮਲ ਹੈ ਤੇ ਵਿਚਾਰ-ਲੜੀ ਦੇ ਹੋਰ ਕੋਈ ਅਸੂਲ ਨਹੀਂ ਹੁੰਦੇ, ਸਿਵਾਏ ਇਨ੍ਹਾਂ ਦੇ ਸ਼ਾਇਦ ਪਾਠਕ ਦੀ ਤਸੱਲੀ ਨਹੀਂ ਕਰਾ ਸਕਦਾ। ਇਸ ਨਾਲ ਬੰਦੇ ਦੀ ਆਪਣੀ ਨਿਸ਼ਾ ਵੀ ਕਿੱਥੇ ਹੁੰਦੀ ਹੈ ? ਇਹੋ ਜਿਹੇ ਮਾਮਲੇ ਵਿੱਚ ਵੱਧ ਤੋਂ ਵੱਧ ਜੋ ਅਸੀਂ ਕਰ ਸਕਦੇ ਹਾਂ ਇਹੀ ਹੈ ਕਿ ਕਈ ਮਿਸਾਲਾਂ ਉੱਤੇ ਨਿਗਾਹ ਮਾਰ ਲਈਏ ਤੇ ਵੇਖੀਏ ਕਿ ਕਿਹੜਾ ਅਸੂਲ ਇਨ੍ਹਾਂ ਅੱਡ-ਅੱਡ ਖ਼ਿਆਲਾਂ ਦਾ ਪਰਸਪਰ ਸੰਬੰਧ ਜੋੜਦਾ ਹੈ। ਜਿੰਨੇ ਵਧੀਕ ਧਿਆਨ ਨਾਲ ਇਨ੍ਹਾਂ ਦਾ ਅਧਿਐਨ ਕਰਾਂਗੇ, ਓਨਾ ਹੀ ਵਧੀਕ ਸਾਡਾ ਵਿਸ਼ਵਾਸ ਉਸ ਗਿਣਤੀ ਦੀ ਸੰਪੂਰਨਤਾ ਤੇ ਵਿਸ਼ਾਲਤਾ ਉੱਤੇ ਬੱਝੇਗਾ।

ਉੱਪਰਲੇ ਪੈਰਿਆਂ ਦੇ ਕੁੱਲ **468** ਸ਼ਬਦ ਹਨ। ਆਮ ਤੌਰ ਉੱਤੇ, ਇਸ ਦੀ ਪ੍ਰੇਸੀ ਦਾ ਆਕਾਰ ਇੱਕ-ਤਿਹਾਈ, ਅਰਥਾਤ 156 ਸ਼ਬਦਾਂ ਤੋਂ ਨਹੀ ਵਧਣਾ ਚਾਹੀਦਾ। ਅੱਗੇ ਦਿੱਤੀ ਪ੍ਰੇਸੀ ਵਿੱਚ ਸ਼ਬਦਾਂ ਦੀ ਗਿਣਤੀ ਤਾਂ ਏਨੀ ਕੁ ਹੀ ਹੋਵੇਗੀ (158 ਸ਼ਬਦ) ਪਰ ਕੀ ਉਪਰੋਕਤ ਲਿਖਤ ਦਾ ਇਸ ਤੋਂ ਵੱਧ ਹੋਰ ਸੰਖੇਪ ਰੂਪ ਨਹੀਂ ਬਣ ਸਕਦਾ ?

ਸਾਡੇ ਲਗਾਤਾਰ ਤੇ ਬਾਤ-ਤਰਤੀਬ ਖ਼ਿਆਲਾਂ ਤੇ ਵਿਚਾਰਾਂ ਦਾ ਅੰਦਰਲਾ ਸੰਬੰਧ ਕਿਸੇ ਬੱਝਵੇਂ ਅਸੂਲ ਅਨੁਸਾਰ ਹੁੰਦਾ ਹੈ। ਵਿਚਾਰ ਦੇ ਸਿਲਸਲੇ ਨੂੰ ਤੋੜਨ ਵਾਲੇ ਖ਼ਿਆਲ ਨੂੰ ਅਸੀਂ ਸਵੀਕਾਰ ਨਹੀਂ ਕਰਦੇ। ਸੁਫ਼ਨਿਆਂ ਵਿੱਚ ਵੀ ਇਹ ਸੰਬੰਧ ਪ੍ਰਤੱਖ ਹੁੰਦਾ ਹੈ। ਜੇ ਆਮ ਗੱਲ-ਬਾਤ ਵਿੱਚ ਇਸ ਦੀ ਹੋਂਦ ਨੂੰ ਨਾ ਮੰਨਿਆ ਗਿਆ ਹੋਵੇ ਤਾਂ ਬੁਲਾਰੇ ਦੇ ਮਨ ਵਿੱਚ ਇਸ ਦੀ ਹੋਂਦ ਤੋਂ ਨਹੀਂ ਮੁਕਰ ਸਕਦੇ। ਵੱਖ-ਵੱਖ ਬੋਲੀਆਂ ਵਿੱਚ ਇੱਕੋ ਜਿਹੇ ਵਿਚਾਰ ਪ੍ਰਗਟਾਉਣ ਵਾਲੇ ਸ਼ਬਦ ਮਿਲਦੇ ਹਨ, ਜਿਸ ਦਾ ਮਤਲਬ ਇਹ ਹੈ ਕਿ ਖ਼ਿਆਲ ਇੱਕ ਸਰਵ-ਵਿਆਪੀ ਅਸੂਲ ਦੇ ਪਿੱਛੇ ਚੱਲਦੇ ਹਨ। ਇਹ ਪ੍ਰਤੱਖ ਹੈ ਕਿ ਅੱਡ-ਅੱਡ ਖ਼ਿਆਲ ਇੱਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ ਪਰ ਅਜੇ ਤਕ ਇਨ੍ਹਾਂ ਸੰਬੰਧ-ਜੋੜਕ ਅਸੂਲਾਂ ਦੀ ਗਿਣਤੀ ਜਾਂ ਵੰਡ ਨਹੀਂ ਹੋਈ। ਇਹੋ ਜਿਹੇ ਤਿੰਨ ਅਸੂਲ ਸਪਸ਼ਟ ਹਨ, ਅਰਥਾਤ ਸਮਾਨਤਾ, ਥਾਂ ਤੇ ਵੇਲੇ ਦੀ ਨਜ਼ਦੀਕੀ ਤੇ ਕਾਰਨ-ਕਾਰਜ। ਇਹ ਨਹੀਂ ਕਿ ਬੱਸ ਇਹੀ ਅਸੂਲ ਹਨ। ਲੋੜ ਹੁੰਦੀ ਹੈ ਹਰ ਮਿਸਾਲ ਵਿਚਲੇ ਅਸੂਲ ਨੂੰ ਵਿਚਾਰਨ ਦੀ। ਇਸ ਪਾਸੇ ਜਿੰਨਾ ਵੱਧ ਵਿਚਾਰਾਂਗੇ, ਓਨਾ ਹੀ ਨਤੀਜਿਆਂ ਵਿੱਚ ਵਿਸ਼ਵਾਸ ਵਧੇਗਾ।

ਹੁਣ ਉੱਪਰਲੀ ਪ੍ਰੇਸੀ ਦਾ ਮੁਕਾਬਲਾ ਕਰੋ ਅਗਲੀ ਪ੍ਰੇਸੀ ਨਾਲ, ਜੋ ਸਾਡੇ ਖ਼ਿਆਲ ਵਿੱਚ ਵਧੇਰੇ ਯੋਗ ਹੈ, ਭਾਵੇਂ ਇਸ ਵਿੱਚ ਸ਼ਬਦਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਤੁਸੀਂ ਵੇਖਣਾ ਹੈ ਕਿ ਅਸੀਂ ਜਿਹੜੀ ਉੱਪਰਲੀ ਪ੍ਰੇਸੀ ਕੀਤੀ ਸੀ, ਉਸ ਤੋਂ ਅੱਗੇ ਦਿੱਤੀ ਪ੍ਰੇਸੀ ਕਿਵੇਂ ਵਧੇਰੇ ਸਫ਼ਲ ਹੈ ?

ਸਾਡੇ ਖ਼ਿਆਲਾਂ ਜਾਂ ਵਿਚਾਰਾਂ ਦੀ ਲੜੀ ਦੇ ਪਿੱਛੇ ਕੋਈ ਨਾ ਕੋਈ ਅਸੂਲ ਹੁੰਦਾ ਹੈ। ਗੰਭੀਰ ਸੋਚ ਵੇਲੇ ਅਸੀਂ ਇਸ ਸੰਬੰਧ ਨੂੰ ਜਾਣਦੇ ਹੁੰਦੇ ਹਾਂ। ਇਹ ਸੁਫ਼ਨਿਆਂ ਵਿੱਚ ਵੀ ਹੁੰਦਾ ਹੈ ਤੇ ਜੇ ਸ਼ਬਦਾਂ ਵਿੱਚ ਨਹੀਂ ਤਾਂ ਮਨ ਵਿੱਚ ਜ਼ਰੂਰ ਹੁੰਦਾ ਹੈ ਤੇ ਇਹੋ ਹੀ ਵਿਚਾਰ-ਲੜੀ ਦੇ ਸਰਬ-ਵਿਆਪੀ ਅਸੂਲਾਂ ਦੀ ਹੋਂਦ ਦਾ ਸਬੂਤ ਹੈ। ਵਿਚਾਰ-ਲੜੀ ਦੇ ਸਾਰੇ ਅਸੂਲਾਂ ਦੀ ਹਾਲਾਂ ਪੂਰੀ ਖੋਜ ਨਹੀਂ ਹੋਈ, ਪਰ ਤਿੰਨ ਯਕੀਨੀ ਹਨ: ਸਮਾਨਤਾ, ਨੇੜ ਤੇ ਕਾਰਨ। ਇਨ੍ਹਾਂ ਅਸੂਲਾਂ ਨੂੰ ਸਾਰੀਆਂ ਮਿਸਾਲਾਂ ਉੱਤੇ ਘਟਾਣ-ਵਾਸਤੇ ਸਾਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਉਦਾਹਰਨ ਲੈ ਕੇ ਘੋਖੀਏ।
(93 ਸ਼ਬਦ)

**ਛੋਟਾ ਅਭਿਆਸ**

**ਪ੍ਰਸ਼ਨ** : ਉੱਪਰਲੀ ਦੂਜੀ ਪ੍ਰੈਸੀ ਬਣਾਉਣ ਵਾਲੇ ਨੇ ਮੂਲ ਲਿਖਤ ਵਿੱਚੋਂ ਜਿਨ੍ਹਾਂ ਸ਼ਬਦਾਂ ਨੂੰ ਫ਼ਾਲਤੂ ਸਮਝ ਕੇ ਛੱਡਿਆ ਹੈ, ਉਨ੍ਹਾਂ ਦੇ ਥੱਲੇ ਲੀਕਾਂ ਮਾਰ ਕੇ ਦੱਸੋ।

## 21.10 ਪਾਤਰ ਦਾ ਸੰਖੇਪ

ਪਾਤਰ ਦੇ ਸੰਖੇਪ ਲਈ ਸਮੁੱਚੇ ਪ੍ਰਭਾਵ ਨੂੰ ਥੋੜੇ ਜਿਹੇ ਸ਼ਬਦਾਂ ਵਿੱਚ ਸਮੇਟਣਾ ਪੈਂਦਾ ਹੈ। ਮਿਸਾਲ ਵਜੋਂ, ਅੱਗੇ ਦਿੱਤਾ ਪੈਰਾ ਪੜ੍ਹੋ:

ਲੂਈ ਚੋਧਵੇਂ ਬਾਬਤ ਆਖ਼ਰਕਾਰ ਲੋਕਾਂ ਨੇ ਸਹੀ ਅਨੁਮਾਨ ਲਾ ਹੀ ਲਿਆ ਹੈ। ਉਹ ਕੋਈ ਵੱਡਾ ਜਰਨੈਲ ਨਹੀਂ ਸੀ ਤੇ ਨਾ ਹੀ ਉੱਚ ਕੋਟੀ ਦਾ ਨੀਤੀਵੇਤਾ। ਪਰ ਉਹ ਕਿਸੇ ਹੱਦ ਤਕ ਇੱਕ ਵੱਡਾ ਬਾਦਸ਼ਾਹ ਜ਼ਰੂਰ ਸੀ। ਉਸ ਵਰਗਾ ਸ਼ਾਹੀ ਚਤਰਾਈ ਦਾ ਮਾਲਕ ਘੱਟ ਹੀ ਕੋਈ ਹੋਇਆ ਹੋਵੇਗਾ, ਭਾਵ, ਉਸ ਨੂੰ ਬਾਦਸ਼ਾਹੀ ਗੁਣਾਂ ਦੀ ਲਾਭਦਾਇਕ ਨੁਮਾਇਸ਼ ਕਰਨ ਦੇ ਸਭ ਚਲਿੱਤਰ ਆਉਂਦੇ ਸਨ ਤੇ ਉਹ ਬੜੀ ਸਰਲਤਾ ਨਾਲ ਆਪਣੇ ਔਗੁਣ ਲੁਕਾ ਸਕਦਾ ਸੀ। ਭਾਵੇਂ ਉਸ ਦਾ ਅੰਦਰਲਾ ਪ੍ਰਬੰਧ ਠੀਕ ਨਹੀਂ ਸੀ, ਭਾਵੇਂ ਉਹ ਫ਼ੌਜੀ ਜਿੱਤਾਂ, ਜਿਨ੍ਹਾਂ ਦੀ ਕਿਰਪਾ ਨਾਲ ਉਸ ਦੀ ਹਕੂਮਤ ਦਾ ਪਹਿਲਾ ਸਮਾਂ ਏਨਾ ਚਮਕਦਾਰ ਬਣ ਗਿਆ ਸੀ, ਉਸ ਦੀਆਂ ਆਪਣੀਆਂ ਜਿੱਤਾਂ ਨਹੀਂ ਸਨ, ਭਾਵੇਂ ਉਸ ਦੇ ਅੰਤਲੇ ਦਿਨ ਹਾਰਾਂ ਤੇ ਹੱਤਕਾਂ ਨਾਲ ਭਰੇ ਹੋਏ ਸਨ, ਭਾਵੇਂ ਉਹ ਏਨਾ ਅਨਪੜ੍ਹ ਸੀ ਕਿ ਆਪਣੀ ਅਰਦਾਸ ਦੇ ਅਰਥ ਵੀ ਨਹੀਂ ਸੀ ਜਾਣਦਾ, ਤਾਂ ਵੀ ਉਹ ਲੋਕਾਂ ਵਿੱਚ ਆਮ ਮਨੁੱਖਾਂ ਨਾਲੋਂ ਉੱਚੇ ਮਿੱਥੇ ਜਾਣ ਵਿੱਚ ਸਫ਼ਲ ਹੋਇਆ ਸੀ। ਇਹ ਗੱਲ ਹੋਰ ਵੀ ਅਸਾਧਾਰਨ ਲਗਦੀ ਹੈ ਜਦੋਂ ਅਸੀਂ ਯਾਦ ਕਰਦੇ ਹਾਂ ਕਿ ਉਸ ਨੇ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਉਨ੍ਹਾਂ ਪੂਰਬੀ ਰਾਜਿਆਂ ਵਾਂਗ ਉਹਲੇ ਨਹੀਂ ਸੀ ਰੱਖਿਆ, ਜਿਨ੍ਹਾਂ ਦੇ ਦਰਸ਼ਨ ਦੁਰਲੱਭ ਹੁੰਦੇ ਸਨ ਤੇ ਜਿਨ੍ਹਾਂ ਦਾ ਨਾਂ ਲੈਣਾ ਵੀ ਜੁਰਮ ਹੁੰਦਾ ਸੀ। ਕਿਹਾ ਜਾਂਦਾ ਹੈ ਕਿ ਕੋਈ ਆਦਮੀ ਵੀ ਆਪਣੇ ਨੌਕਰ ਵਾਸਤੇ ਕਲਾਧਾਰੀ ਨਹੀਂ ਹੁੰਦਾ—ਤੇ ਸਾਰੀ ਦੁਨੀਆ ਨੇ ਲੂਈ ਦਾ ਉਹ ਸਭ ਕੁੱਝ ਹੀ ਵੇਖਿਆ ਹੋਇਆ ਸੀ,ਜੋ ਕਿ ਉਸ ਦਾ ਨੌਕਰ ਵੇਖ ਸਕਦਾ ਸੀ, ਕਿਉਂਕਿ ਉਹ ਆਪਣੇ ਆਪ ਨੂੰ ਬਹੁਤ ਵਾਰੀ ਐਸੇ ਮੌਕਿਆਂ ਉੱਤੇ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਲੈ ਜਾਂਦਾ ਸੀ, ਜਿੱਥੇ ਕਿਸੇ ਵੀ ਬੰਦੇ ਲਈ ਆਪਣਾ ਰੁਅਬ ਰੱਖ ਸਕਣਾ ਸੰਭਵ ਨਹੀਂ ਰਹਿੰਦਾ, ਤਦ ਵੀ ਉਹ, ਆਖਰੀ ਦਮ ਤਕ, ਆਪਣੇ ਨਿਕਟ-ਵਰਤੀਆਂ ਦੇ ਦਿਲਾਂ ਵਿੱਚ ਡਰ ਤੇ ਸਨਮਾਨ ਦੇ ਪ੍ਰਭਾਵ ਪਾਉਣ ਦੇ ਸਮੱਰਥ ਸੀ। ਲੂਈ ਜਿਹੜਾ ਪ੍ਰਭਾਵ ਆਪਣੇ ਪੁਜਾਰੀਆਂ ਉੱਤੇ ਪਾਉਂਦਾ ਸੀ, ਉਹ ਉਨ੍ਹਾਂ ਦੀਆਂ ਸਾਰੀਆਂ ਸੂਝਕ ਸ਼ਕਤੀਆਂ ਨੂੰ ਆਪਣੀ ਲਪੇਟ ਵਿੱਚ ਲੈ ਆਉਂਦਾ ਸੀ। ਲੂਈ ਦੇ ਸਮਕਾਲੀ ਉਸ ਨੂੰ ਲੰਮਾ ਸਮਝਦੇ ਸਨ। ਪਰ ਇਹ ਗੱਲ ਯਕੀਨੀ ਹੈ ਕਿ ਉਹ ਦਰਮਿਆਨੇ ਕੱਦ ਤੋਂ ਕੁੱਝ ਨਿਉਂਦਾ ਹੀ ਸੀ। ਇਸ ਤਰ੍ਹਾਂ ਮਲੂਮ ਹੁੰਦਾ ਹੈ ਕਿ ਉਸ ਨੂੰ ਖਲੋਣ ਦਾ, ਚੱਲਣ ਦਾ ਤੇ ਛਾਤੀ ਅਗਾਂਹ ਵਧਾ ਕੇ, ਸਿਰ ਨੂੰ ਥੋੜਾ ਜਿਹਾ ਉਤਾਂਹ ਚੁੱਕਣ ਦਾ, ਵੱਲ ਆਉਂਦਾ ਸੀ, ਜਿਹੜਾ ਜਨਤਾ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਾ ਸੀ। ਉਸ ਦੀ ਮੌਤ ਦੇ 80 ਸਾਲ ਪਿੱਛੋਂ ਬਾਦਸ਼ਾਹੀ ਕਬਰ ਨੂੰ ਕ੍ਰਾਂਤੀਕਾਰਾਂ ਨੇ ਜਾ ਪੁੱਟਿਆ ਤੇ ਉਸ ਦੀ ਲਾਸ਼ ਨੂੰ ਵਿੱਚੋਂ ਧਰੀਕ ਲਿਆ। ਓਦੋਂ ਇਹ ਪਤਾ ਲੱਗਾ ਕਿ ਉਹ ਬਾਦਸ਼ਾਹ ਜਿਸਦੀ ਗੌਰਵ-ਭਰੀ ਸੂਰਤ ਏਨੀ ਦੇਰ ਤਕ ਸਲਾਹੀ ਜਾਂਦੀ ਰਹੀ ਹੈ, ਅਸਲ ਵਿੱਚ ਇੱਕ ਛੋਟਾ ਜਿਹਾ ਬੰਦਾ ਸੀ।

ਉਸ ਦਾ ਆਪਣਾ ਤੇ ਉਸ ਦੀ ਹਕੂਮਤ ਦਾ ਅੰਤ ਇੱਕੋ ਜਿਹਾ ਹੋਇਆ। ਮੌਤ ਤੇ ਵਕਤ ਨੇ ਦੁਹਾਂ ਧੋਖਿਆਂ ਦੇ ਪਾਜ ਖੋਲ੍ਹ ਦਿੱਤੇ ਹਨ। ਇਸ ਪ੍ਰਤਿਭਾਸ਼ਾਲੀ ਬਾਦਸ਼ਾਹ ਦੇ ਸ਼ਰੀਰ ਦਾ ਮਾਪ ਉਨ੍ਹਾਂ ਦਰਬਾਰੀਆਂ ਨਾਲੋਂ ਵੱਧ ਨਿਆਂ ਨਾਲ ਕਰ ਦਿੱਤਾ ਗਿਆ ਹੈ, ਜਿਹੜੇ ਉਸ ਦੇ ਗਿੱਟੇ ਤੋਂ ਉਤਾਂਹ ਵੇਖਣ ਤੋਂ ਘਬਰਾਉਂਦੇ ਸਨ। ਉਸ ਦਾ ਪਬਲਿਕ ਆਚਰਣ, ਸਮਕਾਲੀ ਲੇਖਕਾਂ ਦੇ ਆਸ-ਅੰਦੇਸ਼ਿਆਂ ਤੋਂ ਰਹਿਤ, ਮੋਲਿਓ ਅਤੇ ਮੋਲੀਏਰ ਵਰਗੇ ਆਦਮੀਆਂ ਦੀ ਛਾਣ-ਬੀਣ ਥੱਲੇ ਆ ਚੁੱਕਾ ਹੈ। ਸਭ ਤੋਂ ਸ਼ਾਨਦਾਰ ਬਾਦਸ਼ਾਹ ਕਬਰ ਵਿੱਚ ਕੇਵਲ ਪੰਜ ਫੁੱਟ ਤੇ ਅੱਠ ਇੰਚ ਹੀ ਰਹਿ ਗਿਆ! ਇਤਿਹਾਸ ਵਾਲਾ ਇਹ ਕਲਾਧਾਰੀ ਸਿਆਸਤਦਾਨ, ਇੱਕ ਆਕੜਖ਼ੋਰਾ, ਕਮਜ਼ੋਰ ਤੇ ਜ਼ਾਮਲ ਵਿਅਕਤੀ ਬਣ ਕੇ ਰਹਿ ਗਿਆ ਹੈ — ਇਸਤਰੀਆਂ ਤੇ ਪਾਦਰੀਆਂ ਦਾ ਗੋਲਾ, ਜੰਗ ਵਿਚ ਵੀ ਘਟੀਆ ਤੇ ਰਾਜ ਵਿਚ ਵੀ ਘਟੀਆ — ਹਰ ਗੱਲ ਵਿੱਚ ਘਟੀਆ - ਸਿਵਾਏ ਆਪਣੀ ਵਡਿੱਤਣ ਸਾਬਤ ਕਰਨ ਦੇ।

ਉਪਰੋਕਤ ਪੈਰੇ ਵਿੱਚ ਕਈ ਗੱਲਾਂ ਦੁਹਰਾਈਆਂ ਹੋਈਆਂ ਹਨ, ਜਿਵੇਂ : "ਉਹ ਕੋਈ ਵੱਡਾ ਜਰਨੈਲ ਨਹੀਂ ਸੀ .... ਭਾਵੇਂ ਉਹ ਫ਼ੌਜੀ ਜਿੱਤਾਂ ਜਿੰਨ੍ਹਾਂ ਦੀ ਕਿਰਪਾ ਨਾਲ ਉਸ ਦੀ ਹਕੂਮਤ ਦਾ ਪਹਿਲਾ ਸਮਾਂ ਏਨਾ ਚਮਕਦਾਰ ਬਣ ਗਿਆ ਸੀ, ਉਸ ਦੀਆਂ ਆਪਣੀਆਂ 'ਜਿੱਤਾਂ' ਨਹੀਂ ਸਨ, ਭਾਵੇਂ ਉਸ ਦੇ ਅੰਤਲੇ ਦਿਨ ਹਾਰਾਂ ਤੇ ਹੱਤਕਾਂ ਨਾਲ ਭਰੇ ਹੋਏ ਸਨ.... ਇਤਿਹਾਰ ਵਿੱਚ ਇਹ ਕਲਾਧਾਰੀ ... ਬਣ ਕੇ ਰਹਿ ਗਿਆ ਹੈ ... ਜੰਗ ਵੀ ਘਟੀਆ।" ਇਸੇ ਤਰ੍ਹਾਂ ਉਸ ਦੀ ਸਿਆਸਤ, ਉਸ ਦੀ ਸ਼ਕਲ-ਸੂਰਤ ਦੇ ਬਿਆਨ ਅਤੇ ਦੁਨੀਆਂ ਦੇ ਦਿਲਾਂ ਉੱਤੇ ਰੁਅਬ ਪਾ ਸੱਕਣ ਦੀ ਯਗਤਾ ਬਾਰੇ

ਮੁੜ-ਮੁੜ ਕੇ ਲਿਖਿਆ ਗਿਆ ਹੈ। ਇਸ ਲਈ ਇਸ ਪੈਰੇ ਦਾ ਸੰਖੇਪ ਇੱਕ ਚੁਥਾਈ ਤਕ ਬਣਾਉਣਾ ਸੌਖਾ ਹੋਣਾ ਚਾਹੀਦਾ ਹੈ। ਵੇਖੋ:

**ਸਿਰਲੇਖ : ਲੂਈ ਚੌਧਵੇਂ ਦਾ ਪਾਜ**

ਭਾਵੇਂ ਲੂਈ ਚੌਧਵਾਂ ਕੋਈ ਵੱਡਾ ਜਰਨੈਲ ਜਾਂ ਸਿਆਸਤਦਾਨ ਨਹੀਂ ਸੀ ਤੇ ਨਾ ਗਿਆਨਵਾਨ ਹੀ ਸੀ, ਫੇਰ ਵੀ ਉਸ ਨੂੰ ਗੁਣ ਵਿਖਾਉਣ ਤੇ ਔਗੁਣ ਲੁਕਾਉਣ ਦਾ ਢੰਗ ਆਉਂਦਾ ਸੀ। ਇਸ ਕਰਕੇ ਉਸ ਦੇ ਦਰਬਾਰੀਆਂ ਤੇ ਸਮਕਾਲੀ ਸਾਹਿੱਤਕਾਰਾਂ ਦਿਆਂ ਦਿਲਾਂ ਵਿੱਚ ਉਸ ਦੀ ਇੱਜ਼ਤ ਸੀ ਤੇ ਰੋਅਬ ਵੀ। ਉਸ ਨੇ ਇਸ ਦੀ ਪ੍ਰਾਪਤੀ ਪੂਰਬੀ ਰਾਜਿਅ ਵਾਂਗ ਏਕਤਾ ਵਿੱਚ ਰਹਿ ਕੇ ਨਹੀਂ ਸੀ ਕੀਤਾ, ਕਿਉਂਕਿ ਉਹ ਐਸੀਆਂ ਥਾਵਾਂ ਉੱਤੇ ਜਾਣੋਂ ਨਹੀਂ ਸੀ ਝੱਕਦਾ, ਜਿੱਥੇ ਉਸ ਦਾ ਰੁਅਬ ਖ਼ਤਰੇ ਵਿੱਚ ਹੁੰਦਾ ਸੀ। ਉਸ ਦੀ ਚਾਲ-ਢਾਲ ਨਾਲ ਉਸ ਦਾ ਕੱਦ ਲੰਮਾ ਮਲੂਮ ਹੁੰਦਾ ਸੀ। ਉਂਜ ਉਹ ਸਾਧਾਰਨ ਤੋਂ ਵੀ ਘੱਟ ਲੰਮਾਈ ਦਾ ਸੀ, ਅਤੇ ਜਦੋਂ ਬਾਗੀਆਂ ਨੇ ਉਸ ਦਾ ਮੁਰਦਾ ਪੁੱਟਿਆ ਤਾਂ ਉਹ ਛੋਟਾ ਜਿਹ ਵਿਖਾਈ ਦਿੱਤਾ। ਹਕੂਮਤ ਦੇ ਪ੍ਰਬੰਧ ਵਿੱਚ ਵੀ ਉਹ ਬੜਾ ਸਿਆਣਾ ਮਲੂਮ ਹੁੰਦਾ ਸੀ ਪਰ ਇਤਿਹਾਸ ਨੇ, ਕੀ ਜੰਗ ਵਿੱਚ ਤੇ ਕੀ ਮੁਲਕ ਦੇ ਪ੍ਰਬੰਧ ਵਿੱਚ, ਉਸ ਦੀ ਛੁਟਿੱਤਣ ਨੂੰ ਸਥਾਪਿਤ ਕਰ ਦਿੱਤਾ ਹੈ। (145 ਸ਼ਬਦ)

**ਸੱਤਵਾਂ ਅਭਿਆਸ**

**ਨੋਟ** : ਹੇਠ ਦਿੱਤੇ ਪ੍ਰਸ਼ਨ ਦਾ ਖ਼ਾਲੀ ਛੱਡੀ ਥਾਂ ਉੱਤੇ ਉੱਤਰ ਦਿਉ।

**ਪ੍ਰਸ਼ਨ** : ਇਸ ਸੰਖੇਪ ਵਿੱਚ ਜੋ ਕੁੱਝ ਛੱਡਿਆ ਗਿਆ ਹੈ ਉਸ ਦਾ ਪਤਾ ਲਾਓ (ਜਿਵੇਂ ਮੋਲੀਓ ਅਤੇ ਮੋਲੀਅਰ ਦਾ ਜ਼ਿਕਰ) ਤੇ ਕਾਰਨ ਦੱਸੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 21.11 ਬਿਆਨ ਜਾਂ ਵਰਣਨ ਦਾ ਸੰਖੇਪ

ਇੱਕ ਲੇਖਕ ਨੇ ਇੱਕ ਕਮਰੇ ਦਾ ਵਾਤਾਵਰਨ ਇਸ ਤਰ੍ਹਾਂ ਬਿਆਨ ਕੀਤਾ ਹੈ : ਜਿਹੜੇ ਕਮਰੇ ਵਿੱਚ ਮੈਂ ਆਪਣੇ ਆਪ ਨੂੰ ਵੇਖਿਆ ਉਹ ਕਾਫ਼ੀ ਵੱਡਾ ਤੇ ਉੱਚਾ ਸੀ। ਉਸ ਦੀਆਂ ਖਿੜਕੀਆਂ ਲੰਮੀਆਂ, ਤੰਗ ਤੇ ਨੋਕੀਲੀਆਂ ਸਨ ਅਤੇ ਲੱਕੜ ਦੇ ਕਾਲੇ ਫ਼ਰਸ਼ ਤੋਂ ਏਨੀਆਂ ਦੂਰ ਸਨ ਕਿ ਅੰਦਰੋਂ ਤਾਂ ਅਸਲੋਂ ਪਹੁੰਚ ਹੀ ਲਗਦੀਆਂ ਸਨ। ਜਾਲੀਦਾਰ ਸ਼ੀਸ਼ਿਆਂ ਵਿੱਚੋਂ ਲਾਲ ਜਿਹੀ ਰੋਸ਼ਨੀ ਦੀਆਂ ਪਤਲੀਆਂ ਪਤਲੀਆਂ ਰਿਸ਼ਮਾਂ ਛਣ ਛਣ ਕੇ ਆ ਰਹੀਆਂ ਸਨ ਅਤੇ ਆਸ-ਪਾਸ ਦੇ ਨਿੱਕੜ-ਸੁੱਕੜ ਨੂੰ ਉਜਾਗਰ ਕਰਨ ਵਿੱਚ ਕਾਫ਼ੀ ਸਹਾਈ ਹੋ ਰਹੀਆਂ ਸਨ ਪਰ ਅੱਖਾਂ ਕਮਰੇ ਦੇ ਪਰਲੇ ਖੂੰਜਿਆਂ ਅਤੇ ਡਾਟਦਾਰ, ਚਿਤਰੀ ਹੋਈ ਛੱਤ ਦੀਆਂ ਨੁੱਕਰਾਂ ਵੇਖਣ ਦਾ ਅਕਾਰਥ ਜਤਨ ਕਰਦੀਆਂ ਸਨ। ਕੰਧਾਂ ਉੱਤੇ ਕਾਲੇ ਸ਼ਾਹ ਪਰਦੇ ਲਮਕਦੇ ਪਏ ਸਨ। ਫ਼ਰਨੀਚਰ ਕਾਫ਼ੀ ਗਿਣਤੀ ਵਿੱਚ ਪਰ ਟੁੱਟਾ ਫੁੱਟਾ ਤੇ ਪੁਰਾਣੀ ਤਰ੍ਹਾਂ ਦਾ ਸੀ ਅਤੇ ਅਰਾਮਦਾਇਕ ਨਹੀਂ ਸੀ। ਕਈ ਪੁਸਤਕਾਂ ਤੇ ਗਾਉਣ-ਵਜਾਉਣ ਵਾਲੇ ਸਾਜ਼ ਖਿਲਰੇ ਪਏ ਸਨ ਪਰ ਉਨ੍ਹਾਂ ਕਰ ਕੇ ਇਸ ਦ੍ਰਿਸ਼ ਵਿੱਚ ਕੋਈ ਜਾਨ ਨਹੀਂ ਸੀ ਪੈ ਰਹੀ। ਮੈਂ ਇਉਂ ਮਹਿਸੂਸ ਕੀਤਾ ਕਿ ਇੱਕ ਗ਼ਮ-ਭਰੇ ਦੁਆਲੇ ਵਿੱਚ ਸਾਹ ਲੈ ਰਿਹਾ ਹਾਂ। ਹਰ ਸ਼ੈ ਉੱਤੇ ਇੱਕ ਭਿਆਨਕ ਜਿਹੀ, ਡੂੰਘੀ ਅਤੇ ਅਟੁੱਟ ਉਦਾਸੀਨਤਾ ਵਿਆਪੀ ਹੋਈ ਸੀ।

ਇਹ ਪੈਰਾ ਪੜ੍ਹ ਕੇ ਪਾਠਕ ਦੇ ਮਨ ਉੱਤੇ ਸੋਗ-ਭਰੇ ਘੁਸਮੁਰੇ ਦਾ ਸਮੁੱਚਾ ਪ੍ਰਭਾਵ ਪੈਂਦਾ ਹੈ। ਉਹ ਬਰੀਕ ਵਿਸਤਾਰ ਜਿਸ ਕਰ ਕੇ ਇਹ ਪ੍ਰਭਾਵ ਪੈਂਦਾ ਹੁੰਦਾ ਹੈ, ਜਿਵੇਂ "ਲੱਕੜ ਦਾ ਕਾਲਾ ਫ਼ਰਸ਼, ਚਿਤਰੀ ਹੋਈ ਛੱਤ ਦੀਆਂ ਨੁੱਕਰਾਂ, ਟੁੱਟਾ-ਫੁੱਟਾ ਤੇ ਆਰਾਮ-ਰਹਿਤ ਫ਼ਰਨੀਚਰ", ਪ੍ਰੈਸੀ ਵਾਸਤੇ ਵਾਧੂ ਹੈ।

ਹੁਣ ਇਸ ਦਾ ਹੇਠਲਾ ਸੰਖੇਪ ਵੇਖੋ !

**ਸਿਰਲੇਖ : ਇੱਕ ਸੋਗੀ ਕਮਰਾ**

ਕਮਰਾ ਉੱਚਾ ਤੇ ਵੱਡਾ ਪਰ ਨਿਰਾਸਤਾ-ਭਰਿਆ ਸੀ। ਆਪਣੀ ਧੁੰਦਲੀ ਲੋ, ਕਾਲੇ ਪਰਦਿਆਂ ਤੇ ਫਟੇ ਪੁਰਾਣੇ ਫਰਨੀਚਰ ਨਾਲ ਉਸ ਨੇ ਮੇਰੇ ਮਨ ਉੱਤੇ ਸੋਗ ਤੇ ਡੂੰਘੇ ਹਨੇਰੇ ਦਾ ਪ੍ਰਭਾਵ ਪਾਇਆ। (30 ਸ਼ਬਦ)

**ਅੱਠਵਾਂ ਅਭਿਆਸ**

**ਨੋਟ** : ਉੱਤਰ ਖ਼ਾਲੀ ਛੱਡੀ ਥਾਂ ਤੇ ਦੇਣਾ ਹੈ।

**ਪ੍ਰਸ਼ਨ** : ਕਿਸੇ ਨਾਵਲ ਜਾਂ ਸਫ਼ਰਨਾਮੇ ਵਿੱਚੋਂ ਕਿਸੇ ਇਮਾਰਤ ਜਾਂ ਦ੍ਰਿੱਸ਼ ਦੇ ਵਰਣਨ ਵਾਲਾ ਟੋਟਾ ਲੱਭ ਕੇ ਉਸ ਦੀ ਪ੍ਰੈਸੀ ਬਣਾਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 21.12 ਗੱਲ-ਬਾਤ ਦੀ ਪ੍ਰੈਸੀ

ਗੱਲ-ਬਾਤ ਹਮੇਸ਼ਾ 'ਮੈਂ' ਤੇ 'ਤੂੰ' ਜਾਂ 'ਅਸੀਂ' ਤੇ 'ਤੁਸੀਂ' ਵਿੱਚ ਹੁੰਦੀ ਹੈ, ਪਰ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਪ੍ਰੈਸੀ ਅਨਯ ਪੁਰਖ ਵਿੱਚ ਤਿਆਰ ਕੀਤੀ ਜਾਂਦੀ ਹੈ, ਜਿਸ ਦਾ ਮਤਲਬ ਹੈ, 'ਉਹ' ਜਾਂ 'ਉਸ' ਵਾਲੀ ਸ਼ਕਲ ਵਿੱਚ। ਫ਼ਰਜ਼ ਕਰੋ ਗੱਲ-ਬਾਤ ਵਿੱਚ ਕੋਈ ਕਹਿ ਰਿਹਾ ਹੈ,

"ਮੈਂ ਉਹੋ ਜਿਹਾ ਸੀਨ ਵੇਖਿਆ ਸੀ, ਜਿਹੋ ਜਿਹਾ ਵੇਖਣ ਦਾ ਮੌਕਾ ਰੋਜ਼-ਰੋਜ਼ ਨਹੀਂ ਮਿਲਦਾ,"

ਤਾਂ ਪ੍ਰੈਸੀ ਵੇਲੇ ਇਸ ਦਾ ਰੂਪ ਬਣ ਜਾਵੇਗਾ :

"ਉਸ ਨੇ ਇੱਕ ਅਸਾਧਾਰਨ ਝਾਕੀ ਵੇਖੀ ਸੀ"

ਸੋ ਗੱਲ-ਬਾਤ ਦੀ ਪ੍ਰੈਸੀ ਆਮ ਕਹਾਣੀ ਦੀ ਸ਼ਕਲ ਵਿੱਚ ਲਿਖੀ ਜਾਂਦੀ ਹੈ—ਅਨਯ ਪੁਰਖ ਤੇ ਭੂਤ ਕਾਲ ਵਿੱਚ, ਜਿਵੇਂ ਕੋਈ ਫ਼ਿਲਮ ਦੀ ਗੱਲ-ਬਾਤ ਨੂੰ, ਆਪਣੇ ਸ਼ਬਦਾਂ ਵਿੱਚ ਕਹਾਣੀ ਬਣਾ ਕੇ ਸੁਣਾ ਰਿਹਾ ਹੋਵੇ।

ਅੱਗੇ ਦਿੱਤੇ ਪੈਰੇ ਵਿੱਚ ਗੱਲ-ਬਾਤ ਕਾਫ਼ੀ ਹੈ। ਤੁਸੀਂ ਚੰਗੀ ਤਰ੍ਹਾਂ ਨੋਟ ਕਰਨਾ ਹੈ ਕਿ ਅਸੀਂ ਇਸ ਦਾ ਸੰਖੇਪ ਕਿਵੇਂ ਕਰਦੇ ਹਾਂ :

ਇਸ ਵਕਤ ਤੱਕ ਮੈਂ ਪੱਕਾ ਮਨ ਬਣਾ ਲਿਆ ਸੀ, ਸੋ ਮੈਂ ਰੋਡੇ ਨੂੰ ਦੱਸਿਆ ਕਿ ਅਸੀਂ ਚਲ ਕੇ ਵੱਡੀ ਬੇੜੀ ਬਣਾਂਵਾਂਗੇ ਜਿਸ ਵਿੱਚ ਬਹਿ ਕੇ ਤੂੰ ਆਪਣੇ ਘਰ ਪਹੁੰਚ ਸਕੇਂਗਾ। ਉਸ ਨੇ ਮੂੰਹੋਂ ਇੱਕ ਬੋਲ ਵੀ ਨਾ ਕੱਢਿਆ ਸਗੋਂ ਬੜਾ ਉਦਾਸ ਤੇ ਰੁਪਰਾਸ ਜਿਹਾ ਦਿੱਸਣ ਲੱਗ ਪਿਆ। ਮੈਂ ਕਾਰਨ ਪੁੱਛਿਆ। ਉਸ ਨੇ ਅੱਗੋਂ ਕਿਹਾ,

"ਪਰ ਤੁਸੀਂ ਮੇਰੇ ਨਾਲ ਗੁੱਸੇ ਕਿਸ ਕਰ ਹੋ ਗਏ ਹੋ ? ਮੈਂ ਕੀ ਕਰ ਬੈਠਾ ਹਾਂ " ਮੈਂ ਪੁੱਛਿਆ, "ਇਸ ਦਾ ਕੀ ਮਤਲਬ ?" ਨਾਲੇ ਸਮਝਾਇਆ ਕਿ ਮੈਂ ਮੇਰੇ ਨਾਲ ਬਿਲਕੁਲ ਗੁੱਸੇ ਨਹੀਂ। ਉਸ ਨੇ ਹੈਰਾਨੀ ਨਾਲ ਕਿਹਾ, "ਫੇਰ ਮੈਨੂੰ ਘਰ ਭੇਜਣ ਦੀ ਵਿਉਂਤ ਕਿਉਂ ਬਣਾਈ ਹੈ ?"

"ਕਿਉਂ ?" ਮੈਂ ਉੱਤਰ ਵਿਚ ਕਿਹਾ, "ਰੋਡੇ ! ਕੀ ਤੂੰ ਆਪ ਹੀ ਘਰ ਜਾਣ ਦੀ ਚਾਹ ਪ੍ਰਗਟ ਨਹੀਂ ਸੀ ਕੀਤੀ ?"

"ਹਾਂ, ਹਾਂ, ਠੀਕ ਹੈ "ਉਹ ਕਹਿਣ ਲੱਗਾ, "ਪਰ ਮੈਂ ਚਾਹੁੰਨਾ ਆਪਾਂ ਦੋਵੇਂ ਚਲੀਏ। ਆਪਣੇ ਮਾਲਕ ਬਿਨਾਂ ਮੈਂ ਘਰ ਜਾ ਕੇ ਖੇਹ ਖਾਣੀ ਹੈ ?

"ਕੀ ਕਿਹਾ ? ਮੈਂ ਉੱਥੇ ਚਲਾਂ ! "ਮੈਂ ਉੱਥੇ ਜਾ ਕੇ ਕੀ ਕਰਾਂਗਾ ?"

ਇਹ ਸੁਣਦੇ ਸਾਰ ਉਸ ਨੇ ਝਟ-ਪੱਟ ਕਿਹਾ, "ਤੁਸੀਂ ਬਹੁਤ ਕੁੱਝ ਕਰੋਗੇ। ਤੁਸੀਂ ਜਾਂਗਲੀ ਲੋਕਾਂ ਨੂੰ ਬੰਦੇ ਬਣਾਓਗੇ, ਉਹਨਾਂ ਨੂੰ ਸੁਧਾਰੋਗੇ, ਰੱਬ ਪਛਾਣਨ, ਅਰਦਾਸ ਕਰਨ ਤੇ ਨਵਾਂ ਜੀਵਨ ਬਿਤਾਉਣ ਦਾ ਢੰਗ ਦੱਸੋਗੇ"

"ਵਾਹ ਵਾਹ ! ਰੋਡੇ", ਮੈਂ ਕਿਹਾ, "ਤੈਨੂੰ ਪਤਾ ਨਹੀਂ; ਤੂੰ ਕੀ ਕਹਿ ਰਿਹਾ ਹੈ। ਮੈਂ ਤੇ ਆਪ ਇੱਕ ਅਨਾੜੀ ਆਦਮੀ ਹਾਂ।"

"ਠੀਕ ਹੈ, ਠੀਕ ਹੈ" ਉਸ ਨੇ ਅੱਗੋਂ ਕਿਹਾ—"ਤੁਸੀਂ ਮੈਨੂੰ ਚੰਗਿਆਈ ਸਿਖਾਈ, ਉਹਨਾਂ ਨੂੰ ਵੀ ਸਿਖਾਓਗੇ।"

"ਨਹੀਂ, ਨਹੀਂ ਰੋਡੇ", ਮੈਂ ਕਿਹਾ, "ਤੈਨੂੰ ਮੇਰੇ ਬਿਨਾਂ ਹੀ ਜਾਣਾ ਹੋਵੇਗਾ, ਮੈਨੂੰ ਕੱਲਾ ਰਹਿਣ ਦੇ, ਜਿਵੇਂ ਮੈਂ ਪਹਿਲਾਂ ਰਹਿੰਦਾ ਸਾਂ।"

ਇਸ ਗੱਲ ਉੱਤੇ ਉਹ ਫੇਰ ਘਬਰਾ ਗਿਆ ਅਤੇ ਦੌੜ ਕੇ ਇੱਕ ਕੁਹਾੜੀ ਚੁੱਕ ਲਿਆਇਆ, ਜਿਹੜੀ ਉਹ ਆਪਣੇ ਕੋਲ ਰੱਖਿਆ ਕਰਦਾ ਸੀ, ਤੇ ਮੇਰੇ ਹੱਥ ਵਿੱਚ ਫੜਾ ਦਿੱਤੀ।

"ਮੈਂ ਇਹਨੂੰ ਕੀ ਕਰਾਂ ?" ਮੈਂ ਕਿਹਾ।
"ਇਸ ਨਾਲ ਮੇਰਾ ਸਿਰ ਲਾਹ ਦਿਓ।"
ਮੈਂ ਕਿਹਾ, "ਕਉਂ ?"

ਉਸ ਥਿੜਕਦਿਆਂ ਥਿੜਕਦਿਆਂ ਜਵਾਬ ਦਿੱਤਾ, "ਤੁਸੀਂ ਰੋਡੇ ਨੂੰ ਜੋ ਭੇਜ ਰਹੇ ਹੋ ! ਔਹ ਲੋ, ਇਹਦੇ ਨਾਲ ਮਾਰ ਸੁੱਟੋ, ਪਰ ਰੋਡੇ ਨੂੰ ਨਾ ਭੇਜੋ।"

ਇਹ ਸਭ ਕੁੱਝ ਉਸ ਨੇ ਇਤਨੇ ਜਜ਼ਬੇ ਨਾਲ ਕਿਹਾ ਕਿ ਮੈਨੂੰ ਉਸ ਦੀਆਂ ਅੱਖਾਂ ਵਿੱਚ ਹੰਝੂ ਉਤਰਦੇ ਦਿੱਸੇ। ਸੋ ਮੈਂ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਜੇ ਤੂੰ ਮੇਰੇ ਨਾਲ ਰਹਿਣਾ ਚਾਹੇਂ ਤਾਂ ਮੈਂ ਤੈਨੂੰ ਕਦੀ ਨਹੀਂ ਵਿਛੋੜਾਂਗਾ।

ਹੁਣ ਇਸ ਦੀ ਪ੍ਰੈਸੀ ਬਣਾਉਣੀ ਹੈ। ਨੇਮ ਉਹੀ ਵਰਤੇ ਜਾਣੇ ਹਨ ਜੋ ਸ਼ੁਰੂ ਵਿੱਚ ਦ੍ਰਿੜ੍ਹ ਕਰਾਏ ਗਏ ਹਨ :

ੳ) ਥੋੜੇ ਸ਼ਬਦ ਵਰਤੇ ਜਾਣਗੇ;
ਅ) ਅਨਯ ਪੁਰਖ ਤੇ ਭੂਤ ਕਾਲ ਦੀ ਵਰਤੋਂ ਹੋਵੇਗੀ, ਤੇ
ੲ) ਲਿਖਤ ਲਗਾਤਾਰ ਚਲੇਗੀ।

ਹੁਣ ਅਸੀਂ ਇਸ ਦੀ ਪ੍ਰੈਸੀ ਬਣਾਵਾਂਗੇ। ਤੁਸੀਂ ਪੁਠੇ ਕਾਮਿਆਂ ਦੇ ਵਿੱਚ ਰੱਖੇ ਹੋਏ ਸ਼ਬਦਾਂ ਵੱਲ ਉਚੇਚਾ ਧਿਆਨ ਦੇਣਾ ਹੈ ਕਿਉਂਕਿ ਇਹ ਸ਼ਬਦ ਪ੍ਰੈਸੀ ਬਣਾਉਣ ਵਿੱਚ ਕਾਫ਼ੀ ਸਹਾਇਕ ਸਿੱਧ ਹੋਏ ਹਨ :

**ਸਿਰਲੇਖ : ਰੋਡੇ ਦੀ ਬੇਨਤੀ ਪਰਵਾਨ**

ਜਦ ਮਾਲਕ ਨੇ ਰੋਡੇ ਨੂੰ ਘਰ ਪਹੁੰਚਾਉਣ ਲਈ ਇੱਕ ਵੱਡੀ ਬੇੜੀ ਬਣਾਉਣ ਦੀ 'ਸਲਾਹ ਬਣਾਈ' ਤਾਂ ਰੋਡੇ ਨੇ ਪਹਿਲਾਂ 'ਸਮਝਿਆ' ਕਿ ਮਾਲਕ ਉਸ ਨਾਲ ਨਰਾਜ਼ ਹੈ। ਪਰ ਮਾਲਕ ਨੇ ਉਸ ਨੂੰ 'ਯਕੀਨ ਦਿਵਾਇਆ' ਕਿ ਉਹ ਰੋਡੇ ਦੀ ਆਪਣੀ ਰਾਹ ਨੂੰ ਹੀ ਸਿਰੇ ਚਾੜ੍ਹ ਰਿਹਾ ਸੀ। ਰੋਡਾ ਕੱਲ-ਮਕੱਲਾ ਪਾਰ ਜਾਣ ਤੋਂ 'ਨਾਂਹ ਨੁੱਕਰ' ਕਰਦਾ ਸੀ : ਉਸ ਨੇ 'ਜ਼ੋਰ ਲਾਇਆ' ਕਿ ਉਸ ਦਾ ਮਾਲਕ ਉਸ ਦਾ ਸਾਥ ਦੇਵੇ ਤੇ ਉਸ ਦੇ ਜਾਂਗਲੀ ਭਰਾਵਾਂ ਨੂੰ ਸਤਯ ਬਣਾਵੇ। ਮਾਲਕ ਨੇ ਇਸ ਮੰਤਵ ਦੀ ਪ੍ਰਾਪਤੀ ਲਈ ਆਪਣੀ ਯੋਗਤਾ ਉੱਤੇ 'ਸ਼ੱਕ ਕੀਤਾ' "ਜਦ ਰੋਡੇ ਨੂੰ ਜਾਣ ਲਈ ਹੋਰ 'ਪ੍ਰੇਰਿਆ' ਗਿਆ ਤਾਂ ਉਸ ਨੇ ਮਾਲਕ ਨੂੰ ਕੁਹਾੜੀ ਫੜਾ ਕੇ 'ਬੇਨਤੀ ਕੀਤੀ' ਕਿ ਵਿਛੋੜਨ ਨਾਲੋਂ ਤਾਂ ਉਸ ਨੂੰ ਮਾਰ ਹੀ ਦਿੱਤਾ ਜਾਵੇ। ਮਾਲਕ ਨੇ ਉਸ ਦੀ ਹੰਝੂ-ਭਰੀ, ਦਰਦਨਾਕ ਬੇਨਤੀ ਸੁਣ ਕੇ ਉਸ ਨੂੰ ਰੱਖਣਾ 'ਸਵੀਕਾਰ ਕਰ ਲਿਆ।" (131 ਸ਼ਬਦ)

**ਨੌਵਾਂ ਅਭਿਆਸ**

**ਨੋਟ** : ਉੱਤਰ ਖ਼ਾਲੀ ਥਾਂ ਉੱਤੇ ਲਿਖਣਾ ਹੈ। ਆਪਣੇ ਉੱਤਰ ਨੂੰ ਲਿਖਣ ਮਗਰੋਂ ਹੀ ਪਿੱਛੇ ਦਿੱਤੇ ਉੱਤਰ ਨਾਲ ਮੇਲ ਕੇ ਵੇਖਣਾ ਹੈ।

**ਪ੍ਰਸ਼ਨ** : ਅੱਗੇ ਦਿੱਤੇ ਪੈਰੇ ਦੀ ਪ੍ਰੈਸੀ ਬਣਾਓ :

ਸੰਨ 1892 ਦੇ ਅਗਸਤ ਮਹੀਨੇ ਦੀ ਇੱਕ ਸਵੇਰ ਥ ਨੂੰ ਕੁ ਵਜੇ, ਜਦ ਮੈਂ ਹੱਟੀ ਦੇ ਥੜ੍ਹੇ ਉੱਤੇ ਬੈਠਾ ਕੁੱਝ ਪੜ੍ਹ ਰਿਹਾ ਸਾਂ ਤਾਂ ਸਾਹਮਣੇ ਕੋਠੇ ਤੋਂ ਜੀਓ ਨੇ ਆਵਾਜ਼ ਮਾਰੀ,

"ਵੇ ਵੀਰਾ ਧਨੀ ਰਾਮਾ ! ਤੇਰੇ ਕੋਲ ਖੰਡ ਮਿਸ਼ਰੀ ਹੈ ?"
ਮੈਂ ਉੱਧਰ ਨੂੰ ਤੱਕ ਕੇ ਧੌਣ ਦੇ ਇਸ਼ਾਰੇ ਨਾਲ ਹਾਂ ਕਰ ਦਿੱਤੀ।
"ਤੂੰ ਕੱਢ, ਮੈਂ ਐਧਰ ਦੀ ਪੌੜੀ ਵੱਲੋਂ ਆਈ ਊ।"

ਮੈਂ ਕਿਤਾਬ ਰੱਖ ਕੇ ਅੰਦਰ ਗੱਦੀ ਉੱਤੇ ਪਹੁੰਚ ਗਿਆ ਤੇ ਜੀਓ ਮੁੜਦੇ ਪੈਰ ਮੇਰੇ ਸਾਹਮਣੇ ਦਲ੍ਹੀਜਾਂ ਉੱਤੇ ਆ ਬੈਠੀ।

"ਲੈ ਅੱਠਾਂ ਆਨਿਆਂ ਦੀ ਪਾ ਦੇ ਖੰਡ ਤੇ ਪਊਲੀ ਦੀ ਮਿਸ਼ਰੀ।"
ਮੈਂ ਤਕੜੀ ਵੱਟੇ ਠੀਕ ਕਰਦਿਆਂ ਕਿਹਾ,
"ਜੀਓ, ਤੂੰ ਬੜੇ ਚਿਰ ਪਿੱਛੋਂ ਮੇਰੇ ਪਾਸੋਂ ਸੌਦਾ ਲੈਣ ਆਈ ਏਂ, ਤੇਰੇ ਭੈਣ ਭਰਾ ਤੇ ਲਿਜਾਂਦੇ ਰਹੇ, ਤੂੰ ਅੱਜ ਦਲ੍ਹੀਜ ਸੁੱਚੀ ਕੀਤੀ ਏ।"

"ਵੇ ਵੀਰਾ ! ਮੈਂ ਤੇ ਹੁਣ ਵੀ ਕਿੱਥੇ ਆਉਣਾ ਸੀ, ਇਹ ਤੇ ਪ੍ਰਾਹੁਣਿਆਂ ਨੇ ਘਰੋਂ ਕਢਾਇਆ ਈ ! ਮੈਂ ਲੁੱਕਣ ਵਾਸਤੇ ਕੋਠੇ ਚੜ੍ਹ ਆਈ, ਨਾਲੇ ਚੇਤਾ ਆ ਗਿਆ ਮਿੱਠਾ ਤਾਂ ਘਰ ਹੈ ਈ ਨਹੀਂ, ਨਹੀਂ ਤੇ ਮੈਂ ਝੀਊਰੀ ਕੋਲੋਂ ਦਾਣੇ ਭੁਨਾਉਣ ਬਗੈਰ ਕਦੀ ਆਈ ਆਂ ?"

"ਹਾਂ, ਹਾਂ, ਹੁਣੇ ਇੱਕ ਘੋੜੀ ਲਾਗੀ ਦੇ ਹੱਥ ਫੜੀ ਹੋਈ ਲੰਘੀ ਸੀ। ਪਿੱਛੇ ਇੱਕ ਅਧਖੜ ਜਿਹੀ ਜ਼ਨਾਨੀ, ਨਾਲ ਇੱਕ ਦਸਾਂ ਕੁ ਸਾਲਾਂ ਦੀ ਕੁੜੀ ਤੇ ਇੱਕ ਸੋਹਣਾ ਗੱਭਰੂ ਜਵਾਨ, ਸਿਰ ਤੇ ਕਿਰਮਚੀ ਚੀਰਾ, ਉਹੋ ਤੁਹਾਡੇ ਪ੍ਰਾਹੁਣੇ ਸਨ ?"

ਚੀਰੇ ਦਾ ਨਾਂ ਸੁਣਕੇ ਜੀਓ ਦੀਆਂ ਅੱਖੀਆਂ ਚਮਕੀਆਂ ਤੇ ਚਿਹਰੇ ਤੇ ਇੱਕ ਨਵਾਂ ਜਿਹਾ ਰੰਗ ਆ ਗਿਆ। ਉਹ ਧੌਣ ਨੀਵੀਂ ਕਰਨ ਵਾਲੀ ਸੀ ਪਰ ਮੇਰੀ ਹਾਨਣ ਹੋਣ ਕਰਕੇ ਸੰਗੀ ਨਾ।

ਮੈਂ ਜਾਣ ਕੇ ਪੁੱਛਿਆ, "ਉਹ ਚੀਰੇ ਵਾਲਾ ਕੌਣ ਏਂ ?"
ਜ਼ਰਾ ਕੁ ਮੁਸਕਰਾ ਕੇ ਬੋਲੀ, "ਤੂੰ ਆਪੇ ਕਿਉਂ ਨਹੀਂ ਬੁੱਝਦਾ ?"
"ਹਾਂ, ਹਾਂ, ਬੁੱਝ ਲਿਆ, ਉਹ ਤੇ ਬੜਾ ਹੀ ਸੋਹਣਾ ਏਂ, ਰੱਜ ਕੇ ਸੋਹਣਾ।"
ਜੀਓ ਦਾ ਚਿਹਰਾ ਫੇਰ ਚਮਕਿਆ—"ਸੱਚੀ-ਮੁੱਚੀ ?"
ਮੈਂ ਹੱਸ ਪਿਆ—"ਜਾਣੀਦਾ ਤੂੰ ਅੱਗੇ ਡਿੱਠਾ ਈ ਨਹੀਂ ਸੀ।"

ਡਿੱਠਾ ਤੇ ਹੋਵੇਗਾ ਪਰ ਤਿੰਨ ਵਰ੍ਹੇ ਬੀਤ ਗਏ। ਘੁੰਡ ਵਿੱਚੋਂ ਝਾਤੀ ਪਾਈ ਸੀ, ਮੱਸ ਫੁਟਦੀ ਸੀ। ਹੁਣ ਕੀ ਵੰਨ ਸੁ ?"

"ਦਾਹੜੀ ਉਤਰੀ ਹੋਈ ਏ, ਥੋੜੀ ਥੋੜੀ, ਕੂਲੇ ਕੂਲੇ ਵਾਲ।"
ਜੀਉ ਫੇਰ ਦਮਕੀ, "ਤੂੰ ਮੇਰੇ ਵਿਆਹ ਵਿੱਚ ਉਸ ਨੂੰ ਡਿੱਠਾ ਤੇ ਹੋਣਾ ਏ।"

"ਦੇਖਦਾ ਤੇ ਮੈਂ ਜ਼ਰੂਰ, ਪਰ ਤਿੰਨ ਵਰ੍ਹੇ ਪਹਿਲਾਂ ਮੈਂ ਆਪਣੀ ਭੂਆ ਦ ਪਿੰਡ ਪੜ੍ਹਦਾ ਹੁੰਦਾ ਸੀ, ਹੁਣ ਫੇਰ ਇਹ ਮੁਕਲਾਵਾ ਲੈਣ ਆਏ ਹੋਏ ਨੇ, ਸਵੇਰੇ ਸਵੇਰੇ ਕਿਸ ਤਰ੍ਹਾਂ ਆ ਗਏ ?"

"ਜੱਟ ਲੋਕ ਹਲਾਂ ਪੰਜਾਲੀਆਂ ਦੇ ਵੇਲੇ ਹੀ ਤੁਰ ਪੈਂਦੇ ਨੇ।"
"ਤੇਰੇ ਸਹੁਰੇ ਕਿੱਥੇ ਕੁ ਨੇ ?"
"ਭੜਾਣੇ, ਸੱਤਾਂ ਅੱਠਾਂ ਕੋਹਾਂ ਤੇ।"
"ਤਾ ਤੇ ਤੈਨੂੰ ਇੱਕ ਵਾਰ ਫੇਰ ਡੋਲੇ ਦੀ ਸੈਰ ਕਰਨੀ ਪਵੇਗੀ ?"
"ਹਾਂ, ਮੈਂ ਡੋਲੇ ਚੜ੍ਹਨ ਜੋਗੀ ਆਂ ? ਵੇਖਾਂ ਮੇਰੇ ਹੱਡ ! ਘੋੜੀ ਤੇ ਜਾਣਾ ਪਵੇਗਾ, ਸਾਡੀ ਆਪਣੀ ਘੋੜੀ ਵੀ ਤੇ ਹੈ।"

ਜੀਓ ਨੇ ਜਦ ਆਪਣੀਆਂ ਵਦਾਣਾਂ ਵਰਗੀਆਂ ਬਾਹਾਂ ਨੂੰ ਹੰਸਣੀ ਦੇ ਖੰਭਾਂ ਵਾਂਗ ਖਿਲਾਰ ਕੇ ਆਪਣਾ ਦੇਉਣੀ ਵਰਗਾ ਜੁੱਸਾ ਫੈਲਾਇਆ ਤਾਂ ਮੈਨੂੰ ਪੰਜਾਬੀ ਦਾ ਇਹ ਅਖਾਣ ਯਾਦ ਆ ਗਿਆ :

ਰੰਨ ਜੱਟੀ, ਹੋਰ ਸਭ ਖਾਣ ਦੀ ਚੱਟੀ :

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 21.13 ਵਖਿਆਨ ਦਾ ਸੰਖੇਪ

ਤੁਸੀਂ ਕਿਸੇ ਨੇਤਾ ਦੇ ਵਖਿਆਨ ਦੀ ਰਪੋਟ ਅਖ਼ਬਾਰ ਵਿੱਚ ਪੜ੍ਹੋ। ਉਸ ਵਿੱਚ ਪੱਤਰ-ਪ੍ਰੇਰਕ ਵੱਲੋਂ 'ਉਸ ਕਿਹਾ', 'ਉਸ ਨੇ ਅਗਾਂਹ ਜਾ ਕੇ ਦੱਸਿਆ', 'ਜਾਰੀ ਰੱਖਦਿਆਂ ਉਸ ਕਿਹਾ', 'ਉਸ ਨੇ ਅੰਤ ਵਿੱਚ ਕਿਹਾ' ਵਰਗੇ ਸ਼ਬਦਾਂ ਦੀ ਖੁੱਲ੍ਹੀ ਵਰਤੋਂ ਹੋਈ ਹੁੰਦੀ ਹੈ। ਪ੍ਰੈਸੀ ਲਈ ਇਸ ਤਰ੍ਹਾਂ ਦੇ ਸ਼ਬਦ ਫ਼ਾਲਤੂ ਹੁੰਦੇ ਹਨ। ਨੇਤਾ ਲੋਕਾਂ ਨੂੰ ਭਣਕਾਉਣੀ, ਦੂਹਰ ਪਾਉਂਦੀ ਲੱਛੇਦਾਰ ਸ਼ੈਲੀ ਵਰਤਣ ਦੀ ਆਦਤ ਹੁੰਦੀ ਹੈ। ਪ੍ਰੈਸੀ ਕਰਨ ਵਾਲੇ ਨੇ ਇਹੋ ਜਿਹੇ ਸਾਰੇ ਅੰਸ਼ਾਂ ਦੀ ਛਾਂਟੀ ਕਰ ਦੇਣੀ ਹੁੰਦੀ ਹੈ :

ਉਦਾਹਰਣ ਲਈ ਇੱਕ ਨਿੱਕਾ ਜਿਹਾ ਟੁਕੜਾ ਲਵੋ :

.... ਅਤੇ ਹੁਣ ਗੱਲ ਕਰਦੇ ਹਾਂ ਰਾਹ ਦੀ, ਜਿਸ ਉੱਤੇ ਸਾਨੂੰ ਚਲਣਾ ਚਾਹੀਦਾ ਹੈ। ਸੋ ਸਿਵਾਏ 'ਸਮਝੋਤੇ' ਦੇ ਹੋਰ ਕਿਹੜਾ ਰਾਹ ਹੈ ? ਦੁਨੀਆਂ ਦੀ ਆਖ਼ਰੀ ਚੀਜ਼ ਜਿਸ ਦੀ ਅਸੀਂ ਵਰਤੋਂ ਕਰਨੀ ਚਾਹੁੰਦੇ ਹਾਂ, ਬਲ ਹੈ। ਮੈਂ ਤੁਹਾਨੂੰ ਪੁੱਛਦਾ ਹਾਂ—ਬਲ ਕੀ ਬਣਾਵੇਗਾ ? ਕੁੱਝ ਵੀ ਨਹੀਂ। ਇਹ ਤਾਂ ਜਿਸ ਮਤਲਬ ਲਈ ਕੀਤਾ ਜਾਵੇਗਾ ਉਸ ਨੂੰ ਨੁਕਸਾਨ ਹੀ ਪੁਚਾਵੇਗਾ। ਇਹ ਤਾਂ ਹਾਲਤ ਅੱਗੇ ਨਾਲੋਂ ਵੀ ਖ਼ਰਾਬ ਕਰ ਦੇਵੇਗਾ।

ਹੁਣ ਤਿਆਰ ਕਰੀਏ ਇਸ ਦਾ ਸੰਖੇਪ ਰੂਪ :

**ਸਿਰਲੇਖ : ਜੋਰ ਦੀ ਥਾਂ ਸਮਝੌਤਾ**

ਉਸ ਨੇ ਜ਼ੋਰ-ਜ਼ਬਰ ਦੀ ਵਰਤੋਂ ਦੀ ਨਿਖੇਧੀ ਕਰ ਕੇ ਸਮਝੌਤੇ ਵਾਲਾ ਰਾਹ ਅਪਣਾਉਣ ਦੀ ਪ੍ਰੇਰਨਾ ਕੀਤੀ।
(17 ਸ਼ਬਦ)

## 21.14 ਸਾਰ

ਜੇ ਤੁਸੀਂ ਇਸ ਪਾਠ ਵੱਲ ਪੂਰਾ ਧਿਆਨ ਦਿੱਤਾ ਹੈ ਤੇ ਅਭਿਆਸ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਤੁਹਾਨੂੰ ਹਰ ਲਿਖਤ ਵਿਚੋਂ ਫ਼ਾਲਤੂ ਅੰਸ਼ਾਂ ਨੂੰ ਛਾਂਟ ਕੇ ਨਿਰੋਲ ਕੰਮ ਦੀਆਂ ਗੱਲਾਂ ਆਪਣੀ ਭਾਸ਼ਾ ਵਿੱਚ ਪੇਸ਼ ਕਰਨ ਦਾ ਵੱਲ ਆ ਜਾਣਾ ਚਾਹੀਦਾ ਹੈ। ਇਸ ਅਭਿਆਸ ਨਾਲ ਕੇਵਲ ਸ਼ਬਦਾਂ ਨੂੰ ਸੰਜਮ ਤੇ ਸਿਆਣਪ ਵਰਤਣ ਦਾ ਸੁਭਾ ਹੀ ਨਹੀਂ ਬਣਦਾ, ਹੌਲੀ ਹੌਲੀ ਇੱਕ ਸੰਘਣੀ ਲਿਖਣ-ਸ਼ੈਲੀ ਦੇ ਵਿਕਾਰ ਦੀ ਸੰਭਾਵਨਾ ਵੀ ਪੈਦਾ ਹੋ ਜਾਂਦੀ ਹੈ।

## 21.15 ਸਹਾਇਕ ਪੁਸਤਕ

ਇਸ ਪਾਠ ਵਿੱਚ ਤੁਸੀਂ ਵੱਖ-ਵੱਖ ਤਰ੍ਹਾਂ ਦੀਆਂ ਲਿਖਤਾਂ ਦੀਆਂ ਪ੍ਰੈਸੀਆਂ ਹੁੰਦੀਆਂ ਵੇਖ ਲਈਆਂ ਹਨ ਅਤੇ ਆਪ ਕੁੱਝ ਨਾ ਕੁੱਝ ਅਭਿਆਸ ਵੀ ਕਰ ਲਿਆ ਹੋਵੇਗਾ। ਜੇ ਇਹ ਅਭਿਆਸ ਜਾਰੀ ਰੱਖ ਸਕੋ ਤਾਂ ਤੁਸੀਂ ਥੋੜੇ ਚਿਰ ਵਿੱਚ ਹੀ ਬਹੁਤ ਸਫ਼ਲ ਪ੍ਰੈਸੀਆਂ ਬਣਾਉਣ ਜੋਗੇ ਹੋ ਜਾਓਗੇ। ਇਸ ਸੰਬੰਧ ਵਿੱਚ ਤੁਹਾਡੇ ਲਈ ਹੇਠ-ਲਿਖੀ ਪੁਸਤਕ ਬੜੀ ਸਹਾਇਕ ਸਿੱਧ ਹੋ ਸਕਦੀ ਹੈ।

ਪ੍ਰੋ : ਪ੍ਰੀਤਮ ਸਿੰਘ, **ਸੰਖੇਪ ਰਚਨਾ** : ਲੋਕ-ਗੀਤ ਪ੍ਰਕਾਸ਼ਨ ਸਰਹੰਦ, 1988, ਜ਼ਿਲਾ ਪਟਿਆਲਾ।

## 21.16 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

ਕਸ਼ਮੀਰ ਦੀ ਪਹਿਲੀ ਝਲਕ

ਕਸ਼ਮੀਰ ਦੀ ਵਾਦੀ ਵਿੱਚ ਦਾਖ਼ਲ ਹੁੰਦੇ ਸਾਰ ਇਸ ਦੇ ਉੱਚੇ ਰੁੱਖ, ਧਾਨ ਦੇ ਖੇਤ, ਨਿੱਕੀਆਂ ਕੂਲ੍ਹਾਂ ਤੇ ਨਰਮ ਹਵਾ ਯਾਤਰੀ ਦਾ ਦਿਲ ਮੋਹ ਲੈਂਦੀਆਂ ਹਨ।

**ਦੂਜਾ ਅਭਿਆਸ**

ਹੁਣ ਸਾਡੇ ਲਈ ਸਮੱਸਿਆ ਦਾ ਹੱਲ ਲੱਭਣਾ ਸੌਖਾ ਹੈ।

**ਤੀਜਾ ਅਭਿਆਸ**

ੳ) ਪਿਓ ਦੀ ਮਾਂ - ਦਾਦੀ
ਧੀ ਦੇ ਘਰ ਵਾਲਾ - ਜਵਾਈ
ਪੁੱਤਰ ਦਾ ਪੁੱਤਰ - ਪੋਤਰਾ
ਮਾਂ ਦਾ ਭਰਾ - ਮਾਮਾ
ਪਿਓ ਦਾ ਵੱਡਾ ਭਰਾ - ਤਾਇਆ

ਅ) 1 ਖਰਚੀਲਾ
2 ਛੇ ਬੋਤਲਾਂ
3 ਨਖਲਿਸਤਾਨ
4 ਆਪਹੁਦਰਾ
5 ਯਤੀਮ

**ਚੌਥਾ ਅਭਿਆਸ**

ੳ) ਆਪਣੇ ਸ਼ਬਦ ਵਰਤਣੇ ਚਾਹੀਦੇ ਹਨ।

ਅ) ਚਾਹੇ ਹੱਕ ਵਿੱਚ ਹੋਈਏ, ਚਾਹੇ ਖ਼ਿਲਾਫ਼, ਅਸੀਂ ਤਾਂ ਦਿੱਤੇ ਹੋਏ ਪੈਰੇ ਦੀ 'ਪ੍ਰੈਸੀ' ਬਣਾਵਾਂਗੇ।

ੲ) ਪ੍ਰੈਸੀ ਬਣਾਉਣ ਵਾਲੇ ਨੂੰ ਆਪਣੀ ਪ੍ਰੈਸੀ ਵਿੱਚ ਅਨਯ ਪੁਰਖ ਤੇ ਭੂਤਕਾਲ ਦੀ ਵਰਤੋਂ ਕਰਨੀ ਚਾਹੀਦੀ ਹੈ।

**ਪੰਜਵਾਂ ਅਭਿਆਸ**

ਰਿਆਇਤੀ ਦਾਖ਼ਲੇ ਤੋਂ ਇਨਕਾਰ

ਇੱਕ ਮੁੰਡਾ ਕਾਲਜ ਵਿੱਚ ਦਾਖ਼ਲਾ ਲੈਣ ਆਇਆ ਤਾਂ ਪ੍ਰਿੰਸੀਪਲ ਨੂੰ ਪਤਾ ਲੱਗਾ ਕਿ ਉਸ ਦੀ ਇੱਕੋ ਬਾਂਹ ਹੈ। ਇਹ ਬਾਂਹ ਨੌਕਰੀ ਦੇ ਦੌਰਾਨ ਜੰਗ ਵਿੱਚ ਕੱਟੀ ਗਈ ਸੀ। ਉਸ ਨੂੰ ਦੱਸਿਆ ਗਿਆ ਕਿ ਨੇਮਾਂ ਅਨੁਸਾਰ ਉਸ ਨੂੰ ਦਾਖ਼ਲੇ ਲਈ ਇਮਤਿਹਾਨ ਵਿੱਚ ਬੈਠਣ ਦੀ ਲੋੜ ਨਹੀਂ, ਪਰ ਉਸ ਨੇ ਦੇਸ਼ ਦੀ ਸੇਵਾ ਬਦਲੇ ਰਿਆਇਤੀ ਦਾਖ਼ਲਾ ਲੈਣ ਤੋਂ ਨਾਂਹ ਕਰ ਦਿੱਤੀ।

**ਛੇਵਾਂ ਅਭਿਆਸ**

ਪੈਰੇ ਨੂੰ ਧਿਆਨ ਨਾਲ ਪੜ੍ਹਨ ਵਾਲੇ ਲਈ ਇਸ ਅਭਿਆਸ ਦਾ ਉੱਤਰ ਦੇਣਾ ਬਹੁਤ ਸੌਖਾ ਹੈ।

**ਸੱਤਵਾਂ ਅਭਿਆਸ**

ਸੌਖਾ ਹੈ। ਆਪ ਕਰੋ। ਕਾਰਨ ਇਹ ਹੈ ਕਿ ਛੱਡੇ ਹੋਏ ਵੇਰਵੇ ਤੋਂ ਬਿਨਾ ਲਿਖਤ ਦੇ ਅਸਲ ਭਾਵ ਵਿੱਚ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ।

**ਅੱਠਵਾਂ ਅਭਿਆਸ**

ਤੁਸੀਂ ਆਪ ਕਰਨਾ ਹੈ।

**ਨੌਵਾਂ ਅਭਿਆਸ**

ਇੱਕ ਦਿਨ ਧਨੀ ਰਾਮ ਦੀ ਗਵਾਂਢਣ, 'ਜੀਓ', ਉਸ ਦੀ ਹੱਟੀ ਤੇ ਚੀਨੀ ਤੇ ਮਿਸ਼ਰੀ ਲੈਣ ਲਈ ਆਈ। ਕੁੱਝ ਚਿਰ ਪਹਿਲਾਂ ਗਲੀ ਵਿੱਚੋਂ ਇੱਕ ਲਾਲ ਪੱਗ ਵਾਲਾ ਜਵਾਨ, ਇੱਕ ਅੱਧਖੜ ਉਮਰ ਦੀ ਔਰਤ ਤੇ ਇੱਕ ਦਸਾਂ ਕੁ ਵਰ੍ਹਿਆਂ ਦੀ ਕੁੜੀ ਨਾਲ ਲੰਘਿਆ ਸੀ। ਜੀਓ ਤੋਂ ਪਤਾ ਲੱਗਾ ਕਿ ਮਿੱਠਾ ਪ੍ਰਾਹੁਣਿਆਂ ਲਈ ਹੀ ਖਰੀਦਿਆ ਜਾ ਰਿਹਾ ਸੀ। ਉਹ ਉਸ ਦਾ ਮੁਕਲਾਵਾ ਲੈਣ ਲਈ ਆਏ ਸਨ। ਆਪਣੇ ਲਾੜੇ ਦੀ ਸੋਭਾ ਸੁਣ ਕੇ ਜੀਓ ਖਿੜ-ਖਿੜ ਹੱਸ ਪਈ ਤੇ ਉਸ ਦੀ ਭਰ ਜਵਾਨ ਦੇਹ ਨੂੰ ਵੇਖ ਕੇ ਧਨੀ ਰਾਮ ਨੂੰ ਇਹ ਅਖਾਣ ਚੇਤੇ ਆਇਆ :

ਰੰਨ ਜੱਟੀ, ਹੋਰ ਸੱਭ ਚੱਟੀ